ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 16 ਜੂਨ 2024 (ਨਾਨਕਸ਼ਾਹੀ ਸੰਮਤ : ੫੫੬, ੩ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਜਲੰਧਰ ਜ਼ਿਮਨੀ ਚੋਣ ’ਚ ਅਕਾਲੀ ਦਲ ਹਟਿਆ ਪਿੱਛੇ

**ਜਲੰਧਰ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਵਿਚ 10 ਜੁਲਾਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਨੂੰ ਲੈ ਕੇ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ ਹਨ। ਬੇਸ਼ੱਕ ਅਜੇ ਕਿਸੇ ਵੀ ਪਾਰਟੀ ਵੱਲੋਂ ਕੋਈ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਸਿਆਸੀ ਪਾਰਟੀਆਂ ਵੱਲੋਂ ਆਗੂਆਂ ਨਾਲ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਉਥੇ ਹੀ ਇਸ ਵਿਚਾਲੇ ਸੂਤਰਾਂ ਦੇ ਹਵਾਲੇ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ ਕਿ ਇਸ ਵਾਰ ਅਕਾਲੀ ਦਲ ਜਲੰਧਰ ਵੈਸਟ ਵਿਚ ਜ਼ਿਮਨੀ ਚੋਣ ਨਹੀਂ ਲੜੇਗਾ। ਇਸ ਦੇ ਨਾਲ ਹੀ ਬਾਗੀ ਨੇਤਾਵਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ। ਅਕਾਲੀ ਦਲ ਵੱਲੋਂ ਅਨੁਸ਼ਾਸਨ ਕਮੇਟੀ ਦਾ ਪੁਨਰਗਠਨ ਕੀਤਾ ਗਿਆ ਹੈ। ਜ਼ਿਮਨੀ ਚੋਣ ਨੂੰ ਲੈ ਕੇ ਅਕਾਲੀ ਦਲ ਵੱਲੋਂ ਚੋਣ ਮੈਦਾਨ ਵਿਚੋਂ ਪਿੱਛੇ ਹੱਟਣ ਦੀਆਂ ਚੱਲ ਰਹੀਆਂ ਚਰਚਾਵਾਂ ਦਾ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਖੰਡਨ ਕੀਤਾ ਹੈ। ਡਾ. ਦਲਜੀਤ ਸਿੰਘ ਚੀਮਾ ਨੇ ’ਜਗ ਬਾਣੀ’ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਚੋਣ ਮੈਦਾਨ ਵਿਚੋਂ ਅਕਾਲੀ ਦਲ ਦੇ ਪਿੱਛੇ ਹੱਟਣ ਵਾਲੀ ਕੋਈ ਗੱਲ ਨਹੀਂ ਹੈ। ਅੱਜ ਲੋਕਲ ਪੱਧਰ ’ਤੇ ਅਕਾਲੀ ਦਲ ਦੀ ਲੀਡਰਸ਼ਿਪ ਨਾਲ ਸ਼ਾਮ ਨੂੰ ਮੀਟਿੰਗ ਰੱਖੀ ਗਈ ਹੈ, ਜਿਸ ਵਿਚ ਜ਼ਿਮਨੀ ਚੋਣ ਸਬੰਧੀ ਉਮੀਦਵਾਰ ਦੇ ਐਲਾਨ ਨੂੰ ਲੈ ਕੇ ਚਰਚਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੇਰੀ ਗੁਰ ਪ੍ਰਤਾਪ ਸਿੰਘ ਵਡਾਲਾ ਅਤੇ ਮਹਿੰਦਰ ਸਿੰਘ ਕੇਪੀ ਨਾਲ ਗੱਲਬਾਤ ਹੋਈ ਹੈ। ਉਨ੍ਹਾਂ ਵੱਲੋਂ ਕਿਹਾ ਗਿਆ ਹੈ ਕਿ ਅੱਜ ਸ਼ਾਮ ਨੂੰ ਮੀਟਿੰਗ ਕਰਕੇ ਪਾਰਟੀ ਨੂੰ ਸਾਰਾ ਦੱਸ ਦਿੱਤਾ ਜਾਵੇਗਾ।

## ਬਦਰੀਨਾਥ ਹਾਈਵੇਅ ’ਤੇ

# ਅਲਕਨੰਦਾ ਨਦੀ ’ਚ ਡਿੱਗੀ ਮਿੰਨੀ ਬੱਸ, 8 ਦੀ ਮੌਤ



**ਰਿਸ਼ੀਕੇਸ਼, 15 ਜੂਨ (ਆਵਾਜ਼ਿ ਕੌਮ ਬਿਊਰੋ)**-ਉੱਤਰਾਖੰਡ ਦੇ ਰੁਦਰਪ੍ਰਯਾਗ ’ਚ ਸ਼ਨੀਵਾਰ ਨੂੰ ਇਕ ਭਿਆਨਕ ਹਾਦਸਾ ਵਾਪਰਿਆ। ਬਦਰੀਨਾਥ ਹਾਈਵੇਅ ’ਤੇ 26 ਤੋਂ ਵੱਧ ਯਾਤਰੀਆਂ ਨੂੰ ਲੈ ਕੇ ਜਾ ਰਹੀ ਇੱਕ ਟੈਂਪੂ ਟਰੈਵਲਰ (ਮਿੰਨੀ ਬੱਸ) ਨਦੀ ਵਿੱਚ ਡਿੱਗ ਗਈ। ਇਸ ਹਾਦਸੇ ’ਚ ਸਥਾਨਕ ਲੋਕਾਂ ਅਨੁਸਾਰ ਹੁਣ ਤੱਕ 8 ਲੋਕਾਂ ਦੇ ਮਾਰੇ ਜਾਣ ਦੀ ਜਾਣਕਾਰੀ ਦੱਸੀ ਜਾ ਰਹੀ ਹੈ। ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਨਦੀ ’ਚ ਬੱਸ ਡਿੱਗਣ ਦੌਰਾਨ ਕਈ ਲੋਕ ਨਦੀ ਦੇ ਪਾਣੀ ’ਚ ਵਹਿ ਗਏ ਹਨ। ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਵੀ ਐਕਸੀਅਨ ਪੋਸਟ ਕਰਕੇ ਘਟਨਾ ਦੀ ਜਾਣਕਾਰੀ ਦਿੱਤੀ ਹੈ। ਐੱਸ.ਡੀ.ਆਰ.ਐੱਫ. ਦੇ ਨਾਲ-ਨਾਲ ਪੁਲਿਸ ਟੀਮ ਰਾਹਤ ਅਤੇ ਬਚਾਅ ਕਾਰਜਾਂ ’ਚ ਲੱਗੀ ਹੋਈ ਹੈ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ।

## ਜੰਮੂ-ਕਸ਼ਮੀਰ ’ਚ ਵਧਦੀਆਂ ਘਟਨਾਵਾਂ ਨੂੰ ਦੇਖਦਿਆਂ ਪੰਜਾਬ ’ਚ ਵਧਾਈ ਗਈ ਸੁਰੱਖਿਆ

**ਜਲੰਧਰ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ’ਚ ਹੁਣੇ ਜਿਹੇ ਹੋਏ ਅੱਤਵਾਦੀ ਹਮਲਿਆਂ ਪਿੱਛੋਂ ਪੰਜਾਬ ਵਿਚ ਵੀ ਸੁਰੱਖਿਆ ਵਿਵਸਥਾ ਹੋਰ ਮਜ਼ਬੂਤ ਕਰ ਦਿੱਤੀ ਗਈ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਹੈ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਜਿਵੇਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਅਤੇ ਫਿਰੋਜ਼ਪੁਰ ਵਿਚ ਵਾਧੂ ਸੁਰੱਖਿਆ ਫੋਰਸਾਂ ਨੂੰ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਸੂਬੇ ਵਿਚ ਕਿਸੇ ਵੀ ਅੱਤਵਾਦੀ ਘਟਨਾ ਨੂੰ ਸਿਰ ਨਾ ਚੁੱਕਣ ਦਿੱਤਾ ਜਾਵੇ। ਇਸੇ ਵਿਚਾਲੇ ਪੰਜਾਬ ਪੁਲਸ ਨੇ ਭਾਰਤੀ ਫ਼ੌਜ ਅਤੇ ਹੋਰ ਕੇਂਦਰੀ ਏਜੰਸੀਆਂ ਨਾਲ ਉੱਚ-ਪੱਧਰੀ ਬੈਠਕਾਂ ਕੀਤੀਆਂ ਹਨ, ਜਿਨ੍ਹਾਂ ਵਿਚ ਸੁਰੱਖਿਆ ਵਿਵਸਥਾ ’ਤੇ ਗੰਭੀਰ ਚਿੰਤਨ ਕੀਤਾ ਗਿਆ। ਪੰਜਾਬ ਪੁਲਸ ਦੇ ਅਧਿਕਾਰੀਆਂ ਨੇ ਬੀ. ਐੱਸ. ਐੱਫ. ਦੇ ਅਧਿਕਾਰੀਆਂ ਨਾਲ ਵੀ ਬੈਠਕਾਂ ਕੀਤੀਆਂ ਹਨ, ਜਿਨ੍ਹਾਂ ਵਿਚ ਸਰਹੱਦ ’ਤੇ ਬੀ. ਐੱਸ. ਐੱਫ. ਅਤੇ ਪੰਜਾਬ ਪੁਲਸ ਵਿਚਾਲੇ ਤਾਲਮੇਲ ਹੋਰ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਜੰਮੂ-ਕਸ਼ਮੀਰ ’ਚ ਹੋਈਆਂ ਅੱਤਵਾਦੀ ਘਟਨਾਵਾਂ ਨੂੰ ਵੇਖਦਿਆਂ ਕਿਊ. ਆਰ. ਟੀ., ਐੱਸ. ਓ. ਜੀ. ਯੂਨਿਟਾਂ ਅਤੇ ਕਮਾਂਡੋਜ਼ ਨੂੰ ਵੱਖ-ਵੱਖ ਖੇਤਰਾਂ ’ਚ ਕਾਨੂੰਨ ਵਿਵਸਥਾ ਦੀ ਸਥਿਤੀ ਬਣਾਈ ਰੱਖਣ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਦੂਜੇ ਸੂਬਿਆਂ ਤੋਂ ਪੰਜਾਬ ਵਿਚ ਦਾਖਲ ਹੋਣ ਵਾਲੇ ਵਾਹਨਾਂ ਦੀ ਅੰਤਰਰਾਜੀ ਨਾਕਿਆਂ ’ਤੇ ਤਲਾਸ਼ੀ ਲਈ ਜਾ ਰਹੀ ਹੈ। ਪੰਜਾਬ ਪੁਲਸ ਨੇ ਅੱਜ ਬੀ. ਐੱਸ. ਐੱਫ. ਦੇ ਨਾਲ ਮਿਲ ਕੇ ਸਰਹੱਦੀ ਖੇਤਰਾਂ ਵਿਚ ਕੰਡਿਆਲੀ ਵਾੜ ਨੇੜੇ ਸਰਚ ਆਪ੍ਰੇਸ਼ਨ ਵੀ ਚਲਾਇਆ ਅਤੇ ਨਾਲ ਹੀ ਡੀ. ਜੀ. ਪੀ. ਦੀਆਂ ਹਦਾਇਤਾਂ ਤੋਂ ਬਾਅਦ ਸੰਵੇਦਨਸ਼ੀਲ ਇਲਾਕਿਆਂ ਵਿਚ ਐੱਸ. ਓ. ਜੀ. ਕਮਾਂਡੋਜ਼ ਨੂੰ ਉਨ੍ਹਾਂ ਦੇ ਬੁਲੇਟ ਪਰੂਫ਼ ਅਤਿ-ਆਧੁਨਿਕ ਵਾਹਨਾਂ ਦੇ ਨਾਲ ਤਾਇਨਾਤ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸੂਬਾ ਪੁਲਸ ਨੂੰ ਸੂਬੇ ਵਿਚ ਪੂਰੀ ਤਰ੍ਹਾਂ ਅਮਨ-ਸ਼ਾਂਤੀ ਬਣਾ ਕੇ ਰੱਖਣ ਲਈ ਹਰ ਸੰਭਵ ਕਦਮ ਚੁੱਕਣ ਲਈ ਕਿਹਾ ਹੈ।



## ਕੰਗਨਾ ਰਣੌਤ ਦੀਆਂ ਬਿਆਨਬਾਜ਼ੀ ਕਰਕੇ ਹਿਮਾਚਲੀ ਲੋਕ ਪੰਜਾਬੀ ਸੈਲਾਨੀਆਂ ਨੂੰ ਬਣਾ ਰਹੇ ਨਿਸ਼ਾਨਾ : ਮਜੀਠੀਆ



**ਅੰਮ੍ਰਿਤਸਰ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਪਹਾੜਾਂ ਦੀ ਸੈਰ ਕਰਨ ਗਏ ਪੰਜਾਬੀ NRI ਜੋੜੇ ਨਾਲ ਕੁੱਟਮਾਰ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਕੰਗਨਾ ਰਣੌਤ ਵਾਲੇ ਮਾਮਲੇ ਤੋਂ ਬਾਅਦ ਪੰਜਾਬੀਆਂ ਨੂੰ ਜਾਣਬੁੱਝ ਕੇ ਟਾਰਗੇਟ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿੱਚ ਸਿਆਸੀ ਲੀਡਰਾਂ ਨੇ ਐਂਟਰੀ ਲੈ ਲਈ ਹੈ। ਇਸ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ, ਸਪੇਨ ਤੋਂ ਆਏ ਪੰਜਾਬੀ ਨੌਜਵਾਨ ਕੰਵਲਜੀਤ ਸਿੰਘ ਤੇ ਉਸਦੀ ਸਪੈਨਿਸ਼ ਮੂਲ ਦੀ ਪਤਨੀ ਨਾਲ ਹਿਮਾਚਲ ਪ੍ਰਦੇਸ਼ ਦੇ ਡਲਹੌਜ਼ੀ ਵਿਚ ਸਥਾਨਕ ਲੋਕਾਂ ਵੱਲੋਂ ਬੇਰਹਿਮੀ ਨਾਲ ਕੁੱਟਮਾਰ ਕਰਨ ਦੀ ਸਖ਼ਤ ਨਿਖੇਧੀ ਕਰਦਾ ਹਾਂ। ਮਜੀਠੀਆ ਨੇ ਕਿਹਾ ਕਿ ਫਿਲਮੀ ਅਦਾਕਾਰਾ ਤੇ ਹੁਣ ਐਮ ਪੀ ਬਣੇ ਕੰਗਣਾ ਰਣੌਤ ਵੱਲੋਂ ਪੰਜਾਬੀਆਂ ਕੀਤੀਆਂ ਬਿਆਨਬਾਜ਼ੀ ਦਾ ਹੀ ਇਹ ਅਸਰ ਹੈ ਕਿ ਹਿਮਾਚਲੀ ਲੋਕ ਪੰਜਾਬੀ ਸੈਲਾਨੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਹੁਣ ਇਹ ਜੋੜਾ ਪੰਜਾਬੀਆਂ ਨੂੰ ਅਪੀਲ ਕਰ ਰਿਹਾ ਹੈ ਕਿ ਉਹ ਹਿਮਾਚਲ ਪ੍ਰਦੇਸ਼ ਘੁੰਮਣ ਨਾ ਜਾਣ ਕਿਉਂਕਿ ਉਥੇ ਦੇ ਲੋਕਾਂ ਦੇ ਮਨਾਂ ਵਿਚ ਪੰਜਾਬੀਆਂ ਪ੍ਰਤੀ ਨਫ਼ਰਤ ਫੈਲ ਗਈ ਹੈ। ਮਜੀਠੀਆ ਨੇ ਕਿਹਾ ਕਿ ਇਹ ਬਹੁਤ ਚਿੰਤਾਜਨਕ ਵਰਤਾਰਾ ਹੈ, ਇਸ ਪ੍ਰਤੀ ਸਾਰਿਆਂ ਨੂੰ ਖਾਸ ਤੌਰ ’ਤੇ ਕੇਂਦਰ ਸਰਕਾਰ ਤੇ ਭਾਜਪਾ ਲੀਡਰਸ਼ਿਪ ਨੂੰ ਸੋਚਣ ਦੀ ਲੋੜ ਹੈ ਕਿ ਕੰਗਨਾ ਦੀ ਜ਼ਿਹਰੀਲੀ ਬਿਆਨਬਾਜ਼ੀ ਕੀ ਰੰਗ ਲਿਆ ਰਹੀ ਹੈ। ਦੱਸ ਦਈਏ ਪੀੜਤ ਪੰਜਾਬੀ ਪਰਿਵਾਰ ਸਪੇਨ ਵਿਚ ਰਹਿੰਦਾ ਸੀ ਤੇ ਆਪਣਾ ਸਭ ਕੁੱਝ ਉੱਥੇ ਛੱਡ ਕੇ ਪੰਜਾਬ ਵਿਚ ਅਪਣਾ ਕੰਮ ਕਰਨ ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਲਈ ਆਇਆ ਸੀ ਪਰ ਦੋ ਦਿਨ ਪਹਿਲੇ ਉਹ ਹਿਮਾਚਲ ਦੇ ਡਲਹੋਜ਼ੀ ਇਲਾਕੇ ਵਿਚ ਘੁੰਮਣ ਗਏ ਸੀ ਜਿਸ ਦੌਰਾਨ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ ਹੈ।

## ਲਖਬੀਰ ਲੰਡਾ ਦੀ ਮਾਂ-ਭੈਣ ਤੇ ਜੀਜਾ ਗ੍ਰਿਫ਼ਤਾਰ, ਕਾਰੋਬਾਰੀ ਤੋਂ ਮੰਗੀ ਸੀ ਫਿਰੌਤੀ


**ਜਲੰਧਰ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਸਭ ਤੋਂ ਪੌਸ਼ ਇਲਾਕੇ ਮਾਡਲ ਟਾਊਨ ’ਚ ਇੱਕ ਕਾਰੋਬਾਰੀ ਤੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗਣ ਵਾਲੇ ਅੱਤਵਾਦੀ ਲੰਡਾ ਤੇ ਉਸ ਦੇ ਸਾਥੀ ਦੇ 6 ਰਿਸ਼ਤੇਦਾਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਲਖਬੀਰ ਦੀ ਮਾਤਾ ਪਰਮਿੰਦਰ ਕੌਰ, ਭੈਣ ਜਸਪਾਲ ਕੌਰ, ਹੌਲਦਾਰ ਰਣਜੋਤ ਸਿੰਘ, ਉਸ ਦੇ ਸਾਥੀ ਯਾਦਵਿੰਦਰ ਦੀ ਮਾਂ ਬਲਜੀਤ ਕੌਰ, ਪਿਤਾ ਜੈਕਾਰ ਸਿੰਘ ਅਤੇ ਭੈਣ ਹੁਸਨਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਸਾਰੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦੇ ਪੁਲੀਸ ਰਿਮਾਂਡ ’ਤੇ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਦੇ ਬੈਂਕ ਖਾਤਿਆਂ ਤੇ ਮੋਬਾਈਲ ਫ਼ੋਨਾਂ ਦੀ ਜਾਣਕਾਰੀ ਜ਼ਬਤ ਕਰ ਲਈ ਹੈ। ਹਾਲਾਂਕਿ ਪੁਲਿਸ ਨੇ ਦੋ ਦਿਨ ਦਾ ਰਿਮਾਂਡ ਮੰਗਿਆ ਸੀ ਪਰ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਦੇ ਆਧਾਰ ’ਤੇ ਅਦਾਲਤ ਨੇ ਸਿਰਫ਼ ਇੱਕ ਦਿਨ ਦਾ ਰਿਮਾਂਡ ਦਿੱਤਾ। ਅੱਜ ਫਿਰ ਪੁਲਿਸ ਸਾਰੇ ਦੋਸ਼ੀਆਂ ਨੂੰ ਅਦਾਲਤ ਵਿਚ ਪੇਸ਼ ਕਰੇਗੀ। ਵੀਰਵਾਰ ਨੂੰ ਜਲੰਧਰ ਕਮਿਸ਼ਨਰੇਟ ਪੁਲਿਸ ਦੀਆਂ ਵੱਖ-ਵੱਖ ਟੀਮਾਂ ਦੋਸ਼ੀ ਦੇ ਪਰਿਵਾਰਕ ਮੈਂਬਰਾਂ ਦੇ ਘਰ ਪਹੁੰਚੀਆਂ ਅਤੇ ਕਈ ਘੰਟਿਆਂ ਤੱਕ ਚੱਲੀ ਛਾਪੇਮਾਰੀ ਦੌਰਾਨ ਪੁਲਿਸ ਉਨ੍ਹਾਂ ਤੱਕ ਪਹੁੰਚ ਗਈ। ਦੱਸ ਦਈਏ ਕਿ ਪਿਛਲੇ 10 ਦਿਨਾਂ ’ਚ ਕੈਨੇਡਾ ਨਿਵਾਸੀ ਅੱਤਵਾਦੀ ਲਖਬੀਰ ਸਿੰਘ ਅਤੇ ਉਸ ਦੇ ਸਾਥੀ ਯਾਦਵਿੰਦਰ ਸਿੰਘ ਖ਼ਿਲਾਫ਼ ਜਲੰਧਰ ਦੇ ਵੱਖ-ਵੱਖ ਥਾਣਿਆਂ ’ਚ ਦੋ ਮਾਮਲੇ ਦਰਜ ਕੀਤੇ ਗਏ ਹਨ। ਪਹਿਲਾ ਮਾਮਲਾ ਥਾਣਾ ਬਸਤੀ ਬਾਵਾ ਖੇਲ ’ਚ ਅਤੇ ਦੂਜਾ ਮਾਮਲਾ ਥਾਣਾ ਡਵੀਜ਼ਨ ਨੰਬਰ ਛੇ ’ਚ ਦਰਜ ਕੀਤਾ ਗਿਆ ਹੈ। ਜ਼ਿਕਰ ਕਰ ਦਈਏ ਕਿ ਕੱਲ੍ਹ ਜਲੰਧਰ ਦੇ ਲੈਦਰ ਕੰਪਲੈਕਸ ਵਿੱਚ ਕੋਹਲੀ ਪ੍ਰਾਈਵੇਟ ਲਿਮਟਿਡ ਦੇ ਮਾਲਕਾਂ ਤੋਂ ਵੀ ਫਿਰੌਤੀ ਦੀ ਮੰਗ ਕੀਤੀ ਗਈ ਸੀ। ਇਸ ਮਾਮਲੇ ’ਚ ਜਲੰਧਰ ਸਿਟੀ ਪੁਲਿਸ ਨੇ ਅੱਤਵਾਦੀ ਲੰਡਾ ਦੇ ਤਿੰਨ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਵਿੱਚ ਗੁਰਪ੍ਰੀਤ ਸਿੰਘ ਉਰਫ਼ ਗੋਪੀ ਵਾਸੀ ਤਰਨ ਤਾਰਨ, ਜਗਰੂਪ ਸਿੰਘ ਜੱਪਾ ਅਤੇ ਭੁਪਿੰਦਰ ਸਿੰਘ ਉਰਫ਼ ਬੰਟੀ ਵਾਸੀ ਹੁਸ਼ਿਆਰਪੁਰ ਸ਼ਾਮਲ ਹਨ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਯੂਏਪੀਏ ਤਹਿਤ ਕੇਸ ਦਰਜ ਕੀਤਾ ਸੀ। ਨਾਲ ਹੀ ਸੀਪੀ ਸਵਪਨ ਸ਼ਰਮਾ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਮੁਲਜ਼ਮਾਂ ਤੋਂ ਪੁਖਤਾ ਸਬੂਤ ਮਿਲੇ ਹਨ ਕਿ ਉਹ ਲੰਡਾ ਦੇ ਸੰਪਰਕ ਵਿੱਚ ਸਨ ਜਿਸ ਵਿੱਚ ਮੁਲਜ਼ਮਾਂ ਨੇ ਇਹ ਵੀ ਮੰਨਿਆ ਕਿ ਉਹ ਸ਼ਹਿਰ ਦੇ ਹੋਰ ਨਾਮੀ ਕਾਰੋਬਾਰੀਆਂ ਨੂੰ ਵੀ ਆਪਣਾ ਨਿਸ਼ਾਨਾ ਬਣਾ ਰਹੇ ਸਨ ਪਰ ਇਸ ਤੋਂ ਪਹਿਲਾਂ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।



## ਕੈਥਲ ’ਚ ਸਿੱਖ ਨੂੰ ‘ਖਾਲਿਸਤਾਨੀ’ ਕਹਿ ਕੇ ਹਮਲਾ ਕਰਨ ਵਾਲੇ 2 ਦੋਸ਼ੀ ਗ੍ਰਿਫਤਾਰ, 10 ਹਜ਼ਾਰ ਦਾ ਰੱਖਿਆ ਸੀ ਇਨਾਮ

**ਕੈਥਲ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਦੇ ਕੈਥਲ ਜ਼ਿਲ੍ਹੇ ਵਿਚ ਇਕ ਸਿੱਖ ਵਪਾਰੀ ਨੂੰ ਖਾਲਿਸਤਾਨੀ ਦੱਸ ਕੇ ਹਮਲਾ ਕਰਨ ਦੇ ਮਾਮਲੇ ਵਿਚ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਹਰਿਆਣਾ ਪੁਲਿਸ ਨੇ ਆਪਣੇ ਆਪ ਨੂੰ ਖਾਲਿਸਤਾਨੀ ਦੱਸਣ ਵਾਲੇ ਅਤੇ ਹਮਲੇ ਨੂੰ ਅੰਜਾਮ ਦੇਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਦੱਸ ਦੇਈਏ ਕਿ ਇਹ ਘਟਨਾ ਬੀਤੇ ਸੋਮਵਾਰ ਦੀ ਹੈ, ਜਿਸ ਤੋਂ ਬਾਅਦ ਕੈਥਲ ਪੁਲਿਸ ਨੇ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੈਥਲ ਦੀ ਪੁਲਸ ਸੁਪਰਡੈਂਟ ਉਪਾਸਨਾ ਨੇ ਦੱਸਿਆ ਕਿ ਫੜੇ ਗਏ ਦੋਸ਼ੀਆਂ ਦੀ ਪਛਾਣ ਜੀਂਦ ਜ਼ਿਲੇ ਦੇ ਪਿੰਡ ਸਿੰਗਵਾਲ ਦੇ ਰਹਿਣ ਵਾਲੇ ਈਸ਼ੂ ਅਤੇ ਪਿੰਡ ਸ਼ੇਰਗੜ੍ਹ ਦੇ ਰਹਿਣ ਵਾਲੇ ਸੁਨੀਲ ਵਜੋਂ ਹੋਈ ਹੈ। ਦੋਵੇਂ ਮੁਲਜ਼ਮਾਂ ਦੀ ਉਮਰ ਕਰੀਬ 30 ਸਾਲ ਹੈ ਅਤੇ ਇਨ੍ਹਾਂ ਨੂੰ ਪੇਗਾ ਪਿੰਡ ਤੋਂ ਫੜਿਆ ਗਿਆ ਹੈ। ਮੁਲਜ਼ਮਾਂ ਤੋਂ ਮੁੱਢਲੀ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਈਸ਼ੂ ਖ਼ਿਲਾਫ਼ ਫਾਈਨਾਂਸ ਕਾਰੋਬਾਰ ਨਾਲ ਸਬੰਧਤ ਆਰਮਜ਼ ਐਕਟ ਤਹਿਤ ਦੋ ਕੇਸ ਦਰਜ ਹਨ। ਦੂਜਾ ਮੁਲਜ਼ਮ ਸੁਨੀਲ ਟੈਕਸੀ ਡਰਾਈਵਰ ਹੈ। ਪੁਲਿਸ ਸੁਪਰਡੈਂਟ ਉਪਾਸਨਾ ਨੇ ਦੱਸਿਆ ਕਿ ਘਟਨਾ ਦੀ ਜਾਂਚ ਲਈ ਬਣਾਈ ਗਈ ਐਸਆਈਟੀ ਨੇ ਕਈ ਸੂਚਨਾਵਾਂ ਦੇ ਆਧਾਰ ’ਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਪਹਿਲਾਂ ਦੋਵਾਂ ਮੁਲਜ਼ਮਾਂ ਬਾਰੇ ਜਾਣਕਾਰੀ ਦੇਣ ਵਾਲੇ ਨੂੰ 10,000 ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ। ਇਸੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਦੱਸ ਦਈਏ ਕਿ ਪੁਲਿਸ ਨੂੰ ਮਿਲੀ ਸ਼ਿਕਾਇਤ ਦੇ ਮੁਤਾਬਕ ਪੀੜਤਾ ਕੈਥਲ ’ਚ ਰੇਲਵੇ ਕਰਾਸਿੰਗ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੀ ਸੀ। ਜਦੋਂ ਰੇਲਵੇ ਕਰਾਸਿੰਗ ਦੇ ਫਾਟਕ ਖੁੱਲ੍ਹਦੇ ਹੀ ਆਵਾਜਾਈ ਸ਼ੁਰੂ ਹੋ ਗਈ। ਇਸ ਦੌਰਾਨ ਪੀੜਤਾ ਦੀ ਬਾਈਕ ਸਵਾਰ ਦੋ ਨੌਜਵਾਨਾਂ ਨਾਲ ਬਹਿਸ ਹੋ ਗਈ। ਮਾਮਲਾ ਵਧਦੇ ਹੀ ਬਾਈਕ ਸਵਾਰ ਨੌਜਵਾਨਾਂ ਨੇ ਸਿੱਖ ਵਪਾਰੀ ਨੂੰ ਖਾਲਿਸਤਾਨੀ ਵੀ ਕਹਿ ਦਿੱਤਾ। ਮੁਲਜ਼ਮਾਂ ਨੇ ਉਸ ’ਤੇ ਇੱਟਾਂ ਨਾਲ ਹਮਲਾ ਵੀ ਕੀਤਾ।




Nankana Sahib Yatra Committe Uk
pakistan gurdwara yatra
6th november to 16th november 2024 yatra includes 25+ gurudwara sahib darshan .Accommodation in hotels and travel within pakistan and yatra start to finish point in AC coaches
ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ
£1095
Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.
Note: It does not include flight ticket and insurance, it has to be done by the passenger himself.
ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।
ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।
*-- ਗੁਰੂ ਪੰਥ ਦੇ ਸੇਵਾਦਾਰ --*
ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK
• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161
• ਭਾਈ ਬਲਜੀਤ ਸਿਘ ਕੰਗ/Bhai Baljit Singh Kang
+44 7780 605230
• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net



ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ / ਕਿਰਤ ਕਰੋ / ਵੰਡ ਛਕੋ
Naam Japo / Kirat Karo / Vand Shako

ਵਾਹਿਗੁਰੂ ਜੀ ਕਾ ਖਾਲਸਾ॥ WAHEGURU JI KA KHALSA
ਵਾਹਿਗੁਰੂ ਜੀ ਕੀ ਫਤਹਿ॥ WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 HOURS SERVICE EVERYDAY
100% VEGETARIAN PURE AND NATURAL
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST LUNCH DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਸਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ : ਸੰਤ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖ਼ਾਲਸਾ



ਸੇਰਪੁਰ ( ਰਣਜੀਤ ਸਿੰਘ ਪੇਧਨੀ ) 1984 ਦੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਏ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਯਾਦ ਅਤੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਿੰਡ ਈਸੀ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਾਬਾ ਗੁਰਪ੍ਰੀਤ ਸਿੰਘ ਮਹਾਨ ਗੁਰਮਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਦੀ ਧਾਰਮਿਕ ਸਖਸ਼ੀਅਤ ਸੰਤ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖ਼ਾਲਸਾ ਵਾਲਿਆਂ ਨੇ ਆਪਣੀ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਨਾ ਕੀਤਾ। ਸਮਾਗਮ ਵਿੱਚ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਪ੍ਰਬੰਧਕ ਸ, ਮਨਦੀਪ ਸਿੰਘ ਖੁਰਦ ਦੀ ਅਗਵਾਈ ਹੇਠ ਦਸਤਾਰ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜੇਤੂ ਬੱਚਿਆਂ ਨੂੰ ਨਗਦ ਇਨਾਮ, ਦਸਤਾਰਾਂ,ਯਾਦਗਾਰੀ ਸਨਮਾਨ ਚਿੰਨ੍ਹ ਨਾਲ ਸਮਾਗਮ ਦੇ ਮੁੱਖ ਮਹਿਮਾਨ ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖ਼ਾਲਸਾ ਵੱਲੋਂ ਭਾਗ ਲੈਣ ਵਾਲੇ ਬੱਚਿਆਂ ਨੂੰ ਵਿਸੇਸ ਸਨਮਾਨ ਕੀਤਾ ਗਿਆ।


ਆਵਾਜ਼ਿ ਕੌਮ AWAZE QAUM
International Newspaper & WEB TV



ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
Love Maa Boli Punjabi
੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI




ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ–ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ 98141-27470




ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446





ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote



ਧੰਨ ਧੰਨ ਬਾਬਾ ਦਾਸਾ ਜੀ

ਵਾਹਿਗੁਰੂ ਜੀ ਕਾ ਖਾਲਸਾ ।
ਵਾਹਿਗੁਰੂ ਜੀ ਕੀ ਫ਼ਤਹਿ ॥





## ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿਚ ਪਿੰਡ ਸਲੇਮਪੁਰ ਮਸੰਦਾਂ ਦੀ ਸਮੂਹ ਸਾਧ ਸੰਗਤ ਵਲੋਂ ਗੁਰੂ ਨਾਨਕ ਗੁਰਦੁਆਰਾ ਵਾਲਸਾਲ ਰੋਡ ਵਿਲਨਹਾਲ ਵਿਖੇ

# ਧਾਰਮਿਕ ਸਮਾਗਮ 30 ਜੂਨ 2024, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ, ਧੰਨ ਧੰਨ ਬਾਬਾ ਦਾਸਾ ਜੀ ਦੇ 70ਵੇਂ ਸਲਾਨਾ ਜੋੜ-ਮੇਲੇ ਦੀ ਮਿੱਠੀ ਯਾਦ ਵਿੱਚ ਪਿੰਡ ਸਲੇਮਪੁਰ ਮਸੰਦਾਂ ਦੀ ਸਾਧ ਸੰਗਤ ਦੇ ਸਹਿਯੋਗ ਨਾਲ 30 ਜੂਨ 2024 ਦਿਨ ਐਤਵਾਰ ਨੂੰ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਸੋ ਸਮੂਹ ਸਾਧ ਸੰਗਤ ਅਤੇ ਪਿੰਡ ਸਲੇਮਪੁਰ ਮਸੰਦਾਂ ਦੇ ਨਗਰ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਮਾਗਮ ਦੀ ਰੌਣਕ ਵਧਾਉਣ ਲਈ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### --✶ ਪ੍ਰੋਗਰਾਮ ✶--

☛ ਆਰੰਭ ਸ੍ਰੀ ਆਖੰਡਪਾਠ ਸਾਹਿਬ ਦਿਨ ਸ਼ੁਕਰਵਾਰ
28 ਜੂਨ 2024 ਸਵੇਰੇ 9:00 ਵਜੇ

☛ ਭੋਗ ਸ੍ਰੀ ਆਖੰਡਪਾਠ ਸਾਹਿਬ
ਦਿਨ ਐਤਵਾਰ 30 ਜੂਨ 2024 ਸਵੇਰੇ 10 ਵਜੇ

☛ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਗੁਰਬਾਣੀ ਕੀਰਤਨ (11.00 ਵਜੇ ਸਵੇਰੇ) ਅਤੇ ਕਥਾ ਦੁਆਰਾ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ

☛ ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

"WAHEGURU JI HA HHALSA
WAHEGURU JI HI FATEH"
On the special occasion of
DHAN DHAN BABA DASSA JI'S
70TH ANNUAL MELA
AKHAND PATH SAHIB
at
Guru Nanak Sikh Gurudwara Sahib
65-67 Walsall Rd, Willenhall
WV13 2RD,
United Kingdom

*Your presence is requested to attend as per programme*
*DATES: 28th June 2024 to 30th June 2024*
*28th June*
*Arambh Sri Akhand Path Sahib:9:00am*
*30th June*
*Bhog Sri Akhand Path Sahib: 10:00am*
*Kirtan: 11:00am*
*Langar: After kirtan*
*FROM:*
*ALL SANGAT OF SALEMPUR MASSANDAN*

ਗੁਰਦੁਆਰਾ ਸਾਹਿਬ ਦਾ ਪਤਾ : **Guru Nanak Gurdawara, 65-67 Walsall Road, Willenhall, WV 13 2RD**

30 ਜੂਨ, ਦਿਨ ਐਤਵਾਰ ਨੂੰ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਦੁਨੀਆਂ ਭਰ ਵਿੱਚ ਆਵਾਜ਼ਿ ਕੌਮ ਵੈੱਬ ਟੀ. ਵੀ. 'ਤੇ ਦੇਖਿਆ ਜਾ ਸਕਦਾ ਹੈ।

ਆਵਾਜ਼ਿ ਕੌਮ AWAZE QAUM WEB TV

**ਬੇਨਤੀ ਕਰਤਾ : ਇੰਗਲੈਂਡ ਨਿਵਾਸੀ ਸਾਧ ਸੰਗਤ, ਪਿੰਡ ਸਲੇਮਪੁਰ ਮਸੰਦਾਂ ਜ਼ਿਲ੍ਹਾ ਜਲੰਧਰ (ਪੰਜਾਬ)**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715I-28621



ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ

ਹੈਡ ਕੁਆਟਰ :

ਦਮਦਮੀ ਟਕਸਾਲ, ਜੱਥਾ ਭਿੰਡਰਾਂ (ਮਹਿਤਾ), ਸ੍ਰੀ ਅੰਮ੍ਰਿਤਸਰ।

## ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ 'ਭਿੰਡਰਾਂਵਾਲੇ'

ਮੁਖੀ ਦਮਦਮੀ ਟਕਸਾਲ, ਜੱਥਾ ਭਿੰਡਰਾਂ (ਮਹਿਤਾ) ਸੰਪਰਕ : 99158-00904

## ਸੱਦਾ ਪੱਤਰ

# 40ਵਾਂ ਸਲਾਨਾ ਸ਼ਹੀਦੀ ਜੋੜ ਮੇਲਾ

## 21-22-23 ਜੂਨ 2024 ਦਿਨ ਸ਼ੁਕਰ-ਸ਼ਨੀ-ਐਤਵਾਰ ਨੂੰ

## ਗੁਰਦੁਆਰਾ ਗੁਰੂ ਨਾਨਕ ਸਿੱਖ ਅਕੈਡਮੀ ਵਿਖੇ

ਸਪਰਿੰਗਫੀਲਡ ਰੋਡ, Hayes, UB4 OLT (UK) ਵਿਖੇ **ਮਨਾਇਆ ਜਾਵੇਗਾ।**

ਪਰਮ ਸਤਿਕਾਰਯੋਗ......ਯੂ ਕੇ ਦੀ ਸਮੂਹ ਸਾਧਸੰਗਤ...... ਜੀਓ!

ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਦਮਦਮੀ ਟਕਸਾਲ ਦੇ 14ਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਜਰਨੈਲ, ਪੰਥ ਰਤਨ, ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ 'ਭਿੰਡਰਾਂਵਾਲਿਆਂ ਅਤੇ ਉਹਨਾਂ ਨਾਲ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿੱਚ 40 ਵਾਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਨਾਨਕ ਸਿੱਖ ਅਕੈਡਮੀ ਸਪਰਿੰਗਫੀਲਡ (ਯੂ.ਕੇ.) ਵਿਖੇ ਮਨਾਇਆ ਜਾ ਰਿਹਾ ਹੈ।

**ਸੋ ਆਪ ਜੀ ਨੇ 21-22-23 ਜੂਨ 2024 ਦੇ ਸਮਾਗਮਾਂ ਵਿੱਚ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।**

**ਦਾਸ ਆਪ ਜੀ ਦਾ ਅਤੀ ਧੰਨਵਾਦੀ ਹੋਵੇਗਾ।**

ਗੁਰੂ ਪੰਥ ਦਾ ਦਾਸ

ਹਰਨਾਮ ਸਿੰਘ ਖਾਲਸਾ

ਮੁਖੀ ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ, ਪ੍ਰਧਾਨ ਸੰਤ ਸਮਾਜ

ਅੰਮ੍ਰਿਤ ਕੰਪਿਊਟਰਜ਼, ਜਲੰਧਰ। 9872239775

ਆਵਾਜ਼ਿ ਕੌਮ AWAZE QAUM International Newspaper & WEB TV




ਬੇਨਤੀ ਕਰਤਾ: ਵਾਰਿਸ ਪੰਜਾਬ ਦੇ ‘ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ(UK)


ਦਮਦਮੀ ਟਕਸਾਲ
ਗੁਰੂ ਹਰਿਰਾਇ
ਦਮਦਮੀ ਟਕਸਾਲ ਵੱਲੋ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਧ ਪਾਠ ਬੋਧ ਸਮਾਗਮ
ਅਰੰਭ 20 July 2024 ਤੋ 18 August 2024 ਤੱਕ
ਭਾਗ ਲੈਣ ਵਾਲੇ ਗੁਰਸਿੱਖਾਂ ਨੂੰ ਬੇਨਤੀ ਹੈ ਕੇ ਚਿੱਟੇ ਹਜੂਰੀਏ ਲਿਓਣ ਦੀ ਕਿਰਪਾਲਤਾ ਕਰਨ । ਸੋਮਵਾਰ ਤੋ ਸ਼ੁੱਕਰਵਾਰ ਸਮਾ 6pm ਤੋ 9pm । ਸ਼ਨੀਵਾਰ ਤੇ ਐਤਵਾਰ ਸਮਾ 2pm ਤੋ 3.30pm ਅਤੇ 4pm ਤੋ 6pm । ਦਮਦਮੀ ਟਕਸਾਲ ਦੇ facebook page, youtube channel ਅਤੇ sangat tv ਤੇ ਸਿਧਾ ਪ੍ਰਸਾਰਨ ਕੀਤਾ ਜਾਵੇਗਾ । ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ।
GURDWARA SRI GUR HAR RAI SAHIB JI
128 HIGH STREET, WEST BROMWICH (IN UNIT), UK
07454 023 665
07940 368926
07478 804 044


ਅੰਮ੍ਰਿਤ ਛਕੋ
ਸ੍ਰੀ ਅਕਾਲ ਸਹਾਇ
ਸਿੰਘ ਸਜੋ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ
ਗੁਰਮਤਿ ਸਿਖਲਾਈ ਕੈਂਪ- 2024
ਮਿਤੀ 2 ਜੂਨ ਤੋਂ 30 ਜੂਨ ਤੱਕ ਰੋਜ਼ਾਨਾ
ਗੁਰਦੁਆਰਾ ਗੁਰੂ ਨਾਨਕ ਪੁਰਾ ਨਾਰਨੌਲ - ਸਵੇਰੇ 09:00 ਤੋਂ 11:00 ਵਜੇ ਤੱਕ
ਗੁਰਦੁਆਰਾ ਕਿਰਾਰੋਦ ਨਾਰਨੌਲ - ਸ਼ਾਮ 05:00 ਤੋਂ 07:00 ਵਜੇ ਤੱਕ
ਇਸ ਕੈਂਪ ਵਿੱਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਗੁਰਮੁਖੀ ਲਿਪੀ ਦੀ ਜਾਣਕਾਰੀ ਦਿੱਤੀ ਜਾਵੇਗੀ।
ਵਿਸ਼ੇਸ਼ - ਕੈਂਪ ਦੀ ਸਮਾਪਤੀ ਤੋਂ ਉਪਰੰਤ 30 ਜੂਨ 2024 ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ।
ਜਿਸ ਵਿੱਚ ਕਥਾਵਾਚਕ, ਢਾਡੀ, ਕਵੀਸ਼ਰ ਅਤੇ ਹਜੂਰੀ ਰਾਗੀ ਜਥੇ ਹਾਜਰੀ ਭਰਨਗੇ। ਇਸ ਤੋਂ ਉਪਰੰਤ ਬੱਚਿਆਂ ਅਤੇ ਪ੍ਰਬੰਧਕਾਂ ਨੂੰ ਸਨਮਾਨਿਤ ਕੀਤਾ ਜਾਵੇਗਾ।
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ. ਤਜਿੰਦਰਪਾਲ ਸਿੰਘ ਨਾਰਨੌਲ
ਅੰਤ੍ਰਿੰਗ ਕਮੇਟੀ ਮੈਂਬਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ. ਸੁਖਵਿੰਦਰ ਸਿੰਘ ਮੰਡੇਬਰ
ਜਰਨਲ ਸਕੱਤਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ :- ਸਮੂਹ ਸਾਧ ਸੰਗਤ ਨਾਰਨੌਲ ਅਤੇ ਸਕੱਤਰ ਧਰਮ ਪ੍ਰਚਾਰ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਦੇਗ ਤੇਗ ਫਤਿਹ                ਪੰਥ ਕੀ ਜੀਤ

ਅੰਮ੍ਰਿਤ ਛਕੋ – ਸਿੰਘ ਸਜੋ

ਵਿੱਦਿਆ ਸਭ ਦਾ ਮਾਣ ਹੈ, ਵਿੱਦਿਆ ਦਿੰਦੀ ਗਿਆਨ ॥
ਵਿੱਦਿਆ ਪੜ੍ਹੀਏ ਚਿੱਤ ਲਾ, ਵਿੱਦਿਆ ਦੇਈਏ ਦਾਨ ॥

ਧਰਮ ਪ੍ਰਚਾਰ ਕਮੇਟੀ H.S.G.M.C ਕੁਰੂਕਸ਼ੇਤਰ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ

# ਗੁਰਮਤਿ ਸਿਖਲਾਈ ਕੈਂਪ–2024

ਇਸ ਕੈਂਪ ਵਿਚ ਪੰਜਾਬੀ ਭਾਸ਼ਾ ਦਾ ਗਿਆਨ, ਸਿੱਖ ਧਰਮ ਦੀ ਮੁੱਢਲੀ ਜਾਣਕਾਰੀ, ਗੁਰਬਾਣੀ ਦਾ ਸ਼ੁਧ ਉਚਾਰਣ, ਸਿਖ ਇਤਿਹਾਸ ਦੀ ਜਾਣਕਾਰੀ, ਗੁਰਬਾਣੀ ਕੰਠ ਕੀਰਤਨ ਦੀ ਸਿਖਲਾਈ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠ, ਸਹਿਜ ਪਾਠ, ਸਪਤਾਹਿਕ ਸਹਿਜ ਪਾਠ ਕਰਨ ਦੇ ਨਿਯਮ ਬਾਰੇ ਜਾਣਕਾਰੀ ਦਿਤੀ ਜਾਵੇਗੀ । ਅਤੇ ਦਸਤਾਰ ਸਜਾਉਣ ਦੀ ਸਿਖਲਾਈ ਦਿਤੀ ਜਾਵੇਗੀ ।

**ਇਹ ਗੁਰਮਤਿ ਕੈਂਪ ਗੁ਼ ਬੰਗਲਾ ਸਾਹਿਬ, ਰੋਹਤਕ ਵਿਖੇ 26 ਮਈ ਤੋਂ 29 ਜੂਨ 2024 ਤਕ ਰੋਜ਼ਾਨਾ ਸ਼ਾਮ 4:00 ਵਜੇ ਤੋਂ 7:00 ਵਜੇ ਤਕ ਚਲੇਗਾ ।**

ਗੁਰਮਤਿ ਕੈਂਪ ਦੀ ਸਮਾਪਤੀ 30 ਜੂਨ 2024 ਐਤਵਾਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਵੇਰੇ 10 ਤੋਂ 1:00 ਵਜੇ ਤਕ ਹੋਵੇਗੀ ।
ਜਿਸ ਵਿਚ ਬਚਿਆਂ ਦੁਆਰਾ ਕੀਰਤਨ, ਸਿੱਖ ਇਤਿਹਾਸ ਅਤੇ ਗੁਰਬਾਣੀ ਪ੍ਰਤਿਯੋਗਤਾ ਹੋਵੇਗੀ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀ ਲਗਾਇਆ ਜਾਵੇਗਾ ।

ਸਮਾਪਤੀ ਉਪਰੰਤ ਕਲਗੀਧਰ ਪਿਤਾ ਅੰਮ੍ਰਿਤਦਾਤਾ ਦੀ ਬਖਸ਼ੀਸ਼ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ ।

ਨੋਟ : ਨੌਜਵਾਨ ਬੱਚੇ ਤੇ ਬੱਚੀਆਂ ਨੂੰ ਕੇਸਾਂ ਦੀ ਬੇਅਦਬੀ ਤੇ ਨਸ਼ਿਆਂ ਤੋਂ ਦੂਰ ਰਖਣ ਲਈ ਗੁਰਮਤਿ ਕੈਂਪ ਵਿੱਚ ਜ਼ਰੂਰ ਭੇਜੋ ਜੀ

ਗੁਰਚਰਨ ਸਿੰਘ ਖਾਲਸਾ ਇੰਚਾਰਜ ਗੁਰਮਤਿ ਕਲਾਸਿਸ



## ਅੰਮ੍ਰਿਤ ਸੰਚਾਰ

ਮਿਤੀ 30 ਜੂਨ 2024 ਦਿਨ ਐਤਵਾਰ ਦੁਪਹਿਰ 12:30 ਵਜੇ

ਨੋਟ : ਕਕਾਰ ਮੁਫਤ ਦਿੱਤੇ ਜਾਣਗੇ



ਸ. ਭੁਪਿੰਦਰ ਸਿੰਘ ਜੀ ਅਸੰਧ (ਪ੍ਰਧਾਨ H.S.G.M.C.)



ਸ਼੦ ਹਰਭਜਨ ਸਿੰਘ ਰਾਠੌਰ
ਮੈਂਬਰ H.S.G.M.C.
M. 9896003836



ਜ਼੦ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
H.S.G.M.C.

ਬੇਨਤੀ ਕਰਤਾ : ਸਕਤਰ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਮੈਨੇਜਰ, ਗੁਰਦੁਆਰਾ ਬੰਗਲਾ ਸਾਹਿਬ, ਰੋਹਤਕ (ਹਰਿਆਣਾ)
ਸੰਪਰਕ ਨੰ਼ 9813230906, 9728715453, 9896828411, 9896003836, 9911325568

* Arun Printers, Quilla Mohalla, Rohtak. Ph. 9896455615

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



**ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

ਜ਼ਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

• ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
+447976210161

• ਭਾਈ ਬਲਜੀਤ ਸਿੰਘ ਕੰਗ/Bhai Baljit Singh Kang
+44 7780 605230

• ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
+44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV







KHALSA FORGE

Explore a stunning collection of high-quality Damascus and Sarbloh Kirpans, meticulously crafted for excellence.

www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਸ਼ਹੀਦੀ ਦਿਹਾੜਾ

**ਸ਼ਹੀਦੀ ਜੋੜ ਮੇਲਾ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

ਸ਼ਨਿੱਚਰਵਾਰ 15 ਜੂਨ ਸ਼ਾਮ 5 ਤੋਂ 6 ਵਜੇ ਤੱਕ ਭੁਝੰਗੀ ਸਿੰਘ ਅਤੇ ਭੁਝੰਗਣਾਂ ਕੀਰਤਨ ਦੀ ਹਾਜ਼ਰੀ ਭਰਨਗੀਆ 6 ਤੋਂ 8 ਵਜੇ ਤੱਕ ਦੀਵਾਨ ਸਜਣਗੇ।

ਐਤਵਾਰ 16 ਜੂਨ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸੱਜਣਗੇ

ਕਥਾ ਵਾਚਕ ਗਿਆਨੀ ਗੋਪਾਲ ਸਿੰਘ ਜੀ ਯੂ ਐਸੇ ਏ ਵਾਲੇ ਜਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਠੰਡੇ ਮਿੱਠੇ ਜਲ ਦੀ ਛਬੀਲ ਵੀ ਲੱਗੇਗੀ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778


ਆਵਾਜ਼ਿ ਕੌਮ
AWAZE QAUM
International Newspaper & WEB TV
ਕੈਨੇਡਾ ਦੀ ਧਰਤੀ 'ਤੇ
ਭਾਰਤੀ ਸਟੇਟ ਵੱਲੋਂ
18 ਜੂਨ 2023 ਨੂੰ
ਕਤਲ ਕੀਤੇ ਗਏ
ਹਰ-ਦਿਲ ਅਜ਼ੀਜ਼
ਸ਼ਹੀਦ
ਭਾਈ ਹਰਦੀਪ ਸਿੰਘ
ਨਿੱਝਰ
ਦੇ ਪਹਿਲੇ ਸ਼ਹੀਦੀ ਦਿਹਾੜੇ ਮੌਕੇ
18 ਜੂਨ
ਸਮਾਂ 11 ਵਜੇ
ਪੰਥਕ ਸਮਾਗਮ
ਗੁ: ਸੰਤੋਖਸਰ ਸਾਹਿਬ, ਅੰਮ੍ਰਿਤਸਰ
ਦਲ ਖ਼ਾਲਸਾ


ਗੁਰਬਾਣੀ ਕਥਾ ਵਿਚਾਰ
ਦਿੱਲੀ ਵਿਖੇ
ਗੁਰਦੁਆਰਾ ਸ਼ੀਸ ਗੰਜ ਸਾਹਿਬ
15 ਜੂਨ 2024
ਸਵੇਰੇ 07:30 ਤੋਂ 08:30 ਤੱਕ
LIVE ON
PTC ਸਿੰਮਰਨ
ਗੁਰਦੁਆਰਾ ਬੰਗਲਾ ਸਾਹਿਬ
16 ਜੂਨ 2024
ਸਵੇਰੇ 07:30 ਤੋਂ 08:30 ਤੱਕ
LIVE ON
CHARDIKLA TIME TV
HARYANA SIKH GURDWARA MANAGEMENT COMMITTEE
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
9814015740, 9356060960


ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ॥
ਆਪ ਸਮੂੰਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਹੁਤ ਪਿਆਰੀ ਸਖਸ਼ੀਅਤ ਜੱਥੇਦਾਰ ਜਸਬੀਰ ਸਿੰਘ ਜੀ ਮੱਤੇਵਾਲ ਤੇ ਉਹਨਾਂ ਦੇ ਦਾਮਾਦ ਭਾਈ ਹਰਚਰਨਪ੍ਰੀਤ ਸਿੰਘ ਜੀ (ਸਪੁੱਤਰ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਵਰਪਾਲ) ਜੋ ਕਿ ਮਿਤੀ 7-6-2024 ਵਾਲੇ ਦਿਨ ਇਲਾਕਾ ਕਾਨਪੁਰ, ਇਟਾਵਾ ਦੇ ਵਿਚਕਾਰ ਫਤੇਪੁਰ ਖਾਗਾ ਯੂਪੀ ਵਿਖੇ ਇੱਕ ਸੜਕ ਦੁਰਘਟਨਾ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ। ਉਹਨਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰ ਸੰਗਤ ਨੂੰ ਭਾਣਾਂ ਮੰਨਣ ਹਿੱਤ ਸ੍ਰੀ ਸਹਿਜਪਾਠਾਂ ਦੇ ਭੋਗ ਦਰਸ਼ਨ ਐਵੀਨਿਊ, ਭਾਈ ਜਸਬੀਰ ਸਿੰਘ ਜੀ ਮੱਤੇਵਾਲ ਦੇ ਗ੍ਰਹਿ ਵਿਖੇ ਪਾਏ ਜਾਣਗੇ।
ਦੁਸਹਿਰਾ ਸਮਾਗਮ ਅੰਤਿਮ ਅਰਦਾਸ
ਮਿਤੀ 16 ਜੂਨ 2024 ਦਿਨ ਐਤਵਾਰ ਨੂੰ ਸਵੇਰੇ 11 ਤੋਂ 2 ਵਜੇ ਤੱਕ ਕੀਰਤਨ ਸਮਾਗਮ, ਗੁ: ਸ੍ਰੀ ਸੰਗਰਾਣਾ ਸਾਹਿਬ, ਤਰਨ ਤਾਰਨ ਰੋਡ, ਅੰਮ੍ਰਿਤਸਰ।(ਅੰਮ੍ਰਿਤਸਰ ਵੱਲੋਂ ਜਾਣ ਤੇ ਗੁ: ਟਾਹਲਾ ਸਾਹਿਬ ਤੋਂ ਪਹਿਲਾ ਖੱਬੇ ਹੱਥ)
ਪਹੁੰਚ ਰਹੀਆਂ ਸਖਸ਼ੀਅਤਾ : ਜਿਸ ਵਿਚ ਸਿੰਘ ਸਾਹਿਬਾਨ ਤਖਤ ਸਹਿਬਾਨਾਂ ਦੇ ਜੱਥੇਦਾਰ ਸਹਿਬਾਨ, ਪੰਜ ਪਿਆਰੇ ਸਹਿਬਾਨ, ਨਿਹੰਗ ਸਿੰਘ ਜਥੇਬੰਦੀਆਂ ਟਕਸਾਲਾਂ, ਕਾਰ ਸੇਵਾ, ਸਮੂੰਹ ਜਥੇਬੰਦੀਆਂ ਦੇ ਮੁੱਖੀ ਤੇ ਧਾਰਮਿਕ ਰਾਜਨੀਤਕ ਸਮਾਜ ਸੇਵੀ ਸਿਰਕਤ ਕਰਨਗੇ ਜੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਕੀਰਤਨੀਏ ਕੀਰਤਨ ਦੁਆਰਾ ਸਾਂਝ ਪਾਉਣਗੇ ਆਪਜੀ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਹਰਿਜਸ ਸਰਵਨ ਕਰੋ ਜੀ।
ਗੁਰੂ ਪੰਥ ਦੇ ਦਾਸ:- ਮਲਕੀਤ ਸਿੰਘ ਵਧੀਕ ਹੈੱਡ ਗ੍ਰੰਥੀ (ਸ੍ਰੀ ਅਕਾਲ ਤਖਤ ਸਾਹਿਬ ਜੀ) ਸ੍ਰੀ ਅੰਮ੍ਰਿਤਸਰ ਸੰਪਰਕ 84370-03174
ਬਾਪੂ ਜੋਗਿੰਦਰ ਸਿੰਘ ਜੀ ਮੱਤੇਵਾਲ (ਪਿਤਾ ਜੱਥੇਦਾਰ ਜਸਬੀਰ ਸਿੰਘ ਜੀ ਮੱਤੇਵਾਲ ਟਾਟਾ ਨਗਰ ਵਾਲੇ)

### ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ

# ਹਾੜ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ





**ਫ਼ਿਰੋਜ਼ਪੁਰ, 15 ਜੂਨ (ਮਨੋਹਰ ਲਾਲ) :—** ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਵਿਖੇ ਹਾੜ ਦੀ ਸੰਗਰਾਂਦ ਦਾ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਭਾਈ ਗੁਰਮੇਲ ਸਿੰਘ ਅਰਜਨ, ਭਾਈ ਹਰਨਾਮ ਸਿੰਘ, ਭਾਈ ਚੰਨ ਸਿੰਘ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਜ਼ੋਗਾ ਸਿੰਘ, ਭਾਈ ਰਮਨਦੀਪ ਸਿੰਘ, ਭਾਈ ਨਿਰਮਲ ਸਿੰਘ ਨੇ ਕਥਾ ਕੀਰਤਨ ਕੀਤਾ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਕਥਾ ਕਰਦਿਆਂ ਆਖਿਆ ਗੁਰੂ ਮਹਾਰਾਜ ਜੀ ਦਾ ਜੀਵਨ ਉੱਚਾ ਅਤੇ ਸੁੱਚਾ ਹੁੰਦਾ ਹੈ, ਜਿਵੇਂ ਕਿ ਪਿਛਲੇ ਦਿਨ ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥ ਪੰਜਵੇਂ ਪਾਤਸ਼ਾਹ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਲੰਘ ਕੇ ਗਿਆ, ਜਿਨ੍ਹਾਂ ਨੂੰ ਜਾਹਗੀਰ ਨੇ ਬਹੁਤ ਹੀ ਤਸੀਹੇ ਦਿੱਤੇ ਸੀ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਤੁਹਾਨੂੰ ਦੋ ਲੱਖ ਰੁਪਿਆ ਜੁਰਮਾਨਾ ਲਾਇਆ, ਕਿਉਂਕਿ ਇਸ ਨੇ ਮੇਰੇ ਦੁਸ਼ਮਣ ਪੁੱਤਰ ਖੁਸਰੋ ਨੂੰ ਰੋਟੀ ਖੁਆਈ ਹੈ ਅਤੇ ਉਸ ਦੀ ਮੱਦਦ ਕੀਤੀ ਹੈ ਜਾਂ ਤਾਂ ਇਹ ਦੋ ਲੱਖ ਰੁਪਿਆ ਜੁਰਮਾਨਾ ਤਾਰੇ, ਪਰ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਕਹਿ ਦਿੱਤਾ ਕਿ ਮੈਂ ਸੰਗਤ ਦੇ ਪੈਸੇ ਨਾਲ ਜੁਰਮਾਨਾ ਨਹੀਂ ਤਾਰਾਂਗਾ, ਮੈਂ ਕੋਈ ਗੁਨਾਹ ਨਹੀਂ ਕੀਤਾ ਹੈ, ਜਦੋਂ ਕੋਈ ਸੰਗਤ ਵਿਚ ਆ ਕੇ ਲੰਗਰ ਛਕਦਾ ਹੈ ਉਹ ਦੁਸ਼ਮਣ ਨਹੀਂ ਹੁੰਦਾ। ਅਖਿਰ ਵਿਚ ਜਾਹਗੀਰ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਵੇ, ਫਿਰ ਤੱਤੀ ਤਵੀ ਤੇ ਬਿਠਾ ਕੇ ਸੀਸ ਤੇ ਤੱਤੀ ਰੇਤਾ ਪਾਈ ਗਈ ਅਤੇ ਬਾਅਦ ਵਿਚ ਉਬਲਦੇ ਪਾਣੀ ਦੀ ਦੇਗ ਵਿਚ ਪਾਇਆ ਗਿਆ, ਪਰ ਗੁਰੂ ਸਾਹਿਬ ਨੇ ਇਹੀ ਕਿਹਾ ਕਿ ਤੇਰਾ ਕੀਆ ਮੀਠਾ ਲਾਗੈ, ਦੀ ਧੁੰਨੀ ਜਾਰੀ ਰੱਖੀ ਅਤੇ ਮਈ 1606 ਈ. ਵਿਚ ਸ਼ਹੀਦ ਕਰ ਦਿੱਤਾ, ਪਰ ਉਨ੍ਹਾਂ ਦੇ ਚਮੜੇ ਦੇ ਸੜ ਜਾਣ ਦਾ ਨਹੀਂ ਜਿਨ੍ਹਾਂ ਨੂੰ ਗੁਰਬਾਣੀ ਨੂੰ ਹਿਰਦੇ ਵਿਚ ਵਸਾ ਲਿਆ, ਉਨ੍ਹਾਂ ਨੂੰ ਕੋਈ ਵੀ ਕਹੀ ਡਰਾ ਸਕਦਾ ਅਤੇ ਉਹ ਦੁੱਖ ਤਕਲੀਫਾਂ ਤੋਂ ਦੂਰ ਹੋ ਜਾਂਦੇ ਹਨ। ਆਤਮਾ ਦੀ ਅਵਸਥਾ ਅਲੱਗ ਹੈ, ਮਹਾਂਪੁਰਸ਼ਾਂ ਦਾ ਸਰੀਰ ਅਲੱਗ ਹੁੰਦਾ ਹੈ, ਆਤਮਾ ਸਰੀਰ ਨਾਲੋਂ ਅਲੱਗ ਹੁੰਦੀਆਂ ਹਨ। ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਅੱਗੇ ਕਿਹਾ ਕਿ ਇਸੇ ਤਰ੍ਹਾਂ ਧੰਨ—ਧੰਨ ਬਾਬਾ ਨੰਦ ਸਿੰਘ ਜੀ ਮਹਾਰਾਜ ਨੇ ਆਪਣੇ ਜੀਵਨ ਵਿਚ ਬਹੁਤ ਭਗਤੀ ਕੀਤੀ ਅਤੇ ਇਥੋਂ ਤੱਕ ਕਿ ਉਨ੍ਹਾਂ ਕੋਲ ਵੱਡੀ ਗਿਣਤੀ ਸੰਗਤਾਂ ਵੀ ਆਉਂਦੀਆਂ ਸੀ ਅਤੇ ਉਨ੍ਹਾਂ ਦੇ ਬਚਨਾਂ ਤੋਂ ਚੱਲ ਕੇ ਉਨ੍ਹਾਂ ਦਾ ਵੀ ਜੀਵਨ ਸਫਲ ਹੋ ਜਾਂਦਾ ਸੀ। ਇਸ ਮੌਕੇ ਤੇ ਬਾਬਾ ਜੀ ਦੇ ਸੇਵਾਦਾਰ ਭਾਈ ਲੱਖਾ ਸਿੰਘ, ਭਾਈ ਜ਼ਸਵੀਰ ਸਿੰਘ ਜ਼ਸੂ ਨੇ ਸੰਗਤਾਂ ਦੀ ਹੱਥੀਂ ਸੇਵਾ ਕੀਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੇ ਠੰਡੇ—ਮਿੱਠੇ ਜਲ ਦੀ ਛਬੀਲ ਵੀ ਲਗਾਈ ਗਈ।

### ਸਿਹਤ ਵਿਭਾਗ ਵਲੋ ਐਂਟੀ ਮਲੇਰੀਆ ਮੰਥ ਤੇ ਵੱਧ ਤੂੰ ਵੱਧ ਲੋਕਾਂ ਨੂੰ ਵੈਕਟਰ ਤੇ ਵਾਟਰ ਬੋਰਨ ਬਿਮਾਰੀਆ ਬਾਰੇ ਕੀਤਾ ਜਾ ਰਿਹਾ ਜਗਰੂਕ

# ਆਲਾ-ਦੁਆਲਾ ਸਾਫ-ਸਫਾਈ ਵੱਲ ਬਹੁਤਾ ਧਿਆਨ ਦੇਣ ਦੀ ਲੋੜ : ਅਮਰਜੀਤ



ਫ਼ਿਰੋਜ਼ਪੁਰ, 15 ਜੂਨ (ਮਨੋਹਰ ਲਾਲ) :— ਸਿਹਤ ਵਿਭਾਗ ਸੀ.ਐਚ.ਸੀ ਮਮਦੋਟ ਅਧੀਨ ਆਉਂਦੇ ਸਬ ਸੈਂਟਰ ਲੱਖਾਂ ਹਾਜੀ ਅਧੀਨ ਪੋਜੋ ਕੇ ਉਤਾੜ ਵਿਖੇ ਜਾ ਕੇ ਲੋਕਾਂ ਨੂੰ ਮਲੇਰੀਏ ਦੇ ਡੰਕ ਤੋਂ ਬਚਣ ਅਤੇ ਵਾਟਰ ਬੋਰਨ ਬੀਮਾਰੀਆਂ ਤੋਂ ਬਚਾਅ ਲਈ ਪੂਰੀ ਤਰ੍ਹਾਂ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ: ਰਮਨ ਗੁਪਤਾ ਐਸ.ਐਮ.ਓ ਮਮਦੋਟ ਦੀ ਅਗਵਾਈ ਹੇਠ ਅਮਰਜੀਤ ਮ.ਪ.ਹ.ਵ (ਮੇਲ) ਨੇ ਕਿਹਾ ਕਿ ਗਰਮੀਆਂ ਦਾ ਮੌਸਮ ਸ਼ੁਰੂ ਹੋ ਗਿਆ ਹੈ ਅਤੇ ਡੇਂਗੂ ਤੇ ਮਲੇਰੀਏ ਦੇ ਡੰਕ ਤੋਂ ਹੋਣ ਵਾਲੀਆਂ ਬੀਮਾਰੀਆਂ ਨੂੰ ਫੈਲਣ ਤੋਂ ਰੋਕਣ ਅਤੇ ਇਸ ਤੋਂ ਬਚਾਅ ਦੇ ਲਈ ਸਿਹਤ ਵਿਭਾਗ ਦੀ ਟੀਮ ਸਾਫ—ਸਫਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰ ਰਹੀ ਹੈ ਅਤੇ ਵਾਟਰ ਬੋਰਨ ਬੀਮਾਰੀਆਂ ਜਿਵੇ ਕੋਲਰਾ, ਹੈਪੀਟੀਟਸ ਏ ਤੇ ਈ ਤੋਂ ਬਚਾਅ ਅਤੇ ਵੱਧ ਰਹੇ ਗ਼ਰਮੀ ਕਰਨ ਬਚਿਆਂ ਨੂੰ ਹੀਟ ਵੇਵ ਵਾਸਤੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖਾਰ ਐਡੀਜ਼ ਨਾਮ ਦੇ ਮੱਛਰ ਨਾਲ ਫੈਲਦਾ ਹੈ ਅਤੇ ਇਹ ਸਾਫ਼ ਪਾਣੀ ਵਿਚ ਪਨਪਦਾ ਹੈ, ਜਦਕਿ ਮਲੇਰੀਏ ਦਾ ਮੱਛਰ ਮਾਦਾ ਐਨਾਫਲੀਜ਼ ਰਾਹੀਂ ਫੈਲਦਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਮੱਛਰ ਦੇ ਕੱਟਣ ਨਾਲ ਕਿ ਜਦੋਂ ਵਿਅਕਤੀ ਦੇ ਪਲੇਟਲੈਟ ਘੱਟਦੇ ਹਨ ਤਾਂ ਉਹ ਤੁਰੰਤ ਨੇੜ੍ਹੇ ਦੇ ਸਰਕਾਰੀ ਹਸਪਤਾਲ ਵਿਚ ਜਾ ਕੇ ਆਪਣਾ ਇਲਾਜ਼ ਕਰਵਾਉਣ। ਇਸ ਮੌਕੇ ਦ ਅੰਸ ਫ਼ੌਂਡੇਸ਼ਨ ਦੇ ਡਾ: ਰੀਆਂ ਸਿੰਘ ਐਮ.ਓ, ਅਮਰਿੰਦਰ ਸਿੰਘ ਫਾਰਮਾਸਿਸਟ, ਯੋਗੇਸ਼ ਕੁਮਾਰ ਐਮ.ਐਮ.ਟੀ, ਸੁਲੱਖਣ ਸਿੰਘ ਪਇਲੇਟ, ਲੱਛਮੀ ਬਾਈ ਆਸ਼ਾ ਫੈਸਲੀਟੇਟਰ, ਸਰੋਜ ਰਾਣੀ ਆਸ਼ਾ ਵਰਕਰ ਤੇ ਲੋਕ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬਜ਼ੁਰਗਾਂ ਦੀ ਬਾਂਹ ਫੜੇ ਮੋਦੀ ਸਰਕਾਰ—ਹਰਪਾਲ ਸਿੰਘ ਭੁੱਲਰ



ਫ਼ਿਰੋਜ਼ਪੁਰ, 15 ਜੂਨ (ਮਨੋਹਰ ਲਾਲ) :— ਮੋਦੀ ਜੀ ਹੁਣ ਅਡਾਨੀਆਂ, ਅਬਾਨੀਆਂ ਦਾ ਖਹਿੜਾ ਛੱਡੋ, ਐਮ.ਪੀਆਂ ਦੀਆਂ ਪੈਨਸ਼ਨਾਂ ਵਧਾਉਣ ਵੱਲ ਧਿਆਨ ਨਾ ਦੇਵੋ, ਜਿਹੜੇ ਵੀ ਬਜ਼ੁਰਗ 75 ਸਾਲ ਤੋਂ ਵੱਧ ਉਮਰ ਦੇ ਹਨ, ਉਨ੍ਹਾਂ ਦੀਆਂ ਦਵਾਈਆਂ ਦੇ ਖਰਚੇ ਡਾਕਟਰਾਂ ਨੂੰ ਵਿਖਾਉਣ ਦੇ ਖਰਚੇ, ਬਜ਼ੁਰਗ ਆਪਣੇ ਬੱਚਿਆਂ ਉਪਰ ਬੋਝ ਬਣੇ ਹੋਏ ਹਨ, ਬਾਰੇ ਸੋਚੋ। ਇਹ ਵਿਚਾਰ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਜਰਨਲ ਸਕੱਤਰ ਸਰਬਜੀਤ ਸਿੰਘ ਛਾਬੜਾ, ਸਵਰਨ ਸਿੰਘ ਨੇ ਸਾਂਝੇ ਕਰਦਿਆਂ ਮੋਦੀ ਸਰਕਾਰ ਨੂੰ ਅਪੀਲ ਕੀਤੀ ਕਿ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦੇ ਰੂਪ ਵਿਚ ਬਜ਼ੁਰਗਾਂ ਹਿੱਤ ਜਾਇਆ ਕਰਨ ਅਤੇ 6 ਮਹੀਨੇ ਬਾਅਦ ਚੈਕਅਪ ਕਰਵਾਉਣ ਲਈ 20 ਹਜ਼ਾਰ ਰੁਪਏ ਹੋਣੇ ਚਾਹੀਦੇ ਹਨ ਅਤੇ ਹੁਣ ਕਹਿਰ ਦੀ ਗਰਮੀ ਪੈ ਰਹੀ ਹੈ ਅਤੇ ਇਸ ਵੇਲੇ 20 ਪ੍ਰਤੀਸ਼ਤ ਲੋਕ ਉਹ ਵੀ ਹਨ, ਜਿਨ੍ਹਾਂ ਉਪਰ ਛੱਤ ਵੀ ਨਹੀਂ ਅਤੇ ਨਾ ਹੀ ਘਰੇ ਕੋਈ ਪੱਖਾ ਹੈ, ਉਨ੍ਹਾਂ ਗਰੀਬਾਂ ਉਪਰ ਅਡਾਨੀਆਂ, ਅਬਾਨੀ ਬੋਝ ਬਣੇ ਹੋਏ ਹਨ, ਜਿਨ੍ਹਾਂ ਬਜ਼ੁਰਗਾਂ ਦੇ ਬੱਚੇ ਬੋਝ ਨਹੀਂ ਝੱਲ ਸਕਦੇ, ਉਹ ਘਰੇ ਹੀ ਤੁਰ ਜਾਂਦੇ ਹਨ।

# ਡਾ. ਵਿਜੇ ਸਤਬੀਰ ਸਿੰਘ ਵੱਲੋਂ ਪੀੜਤ ਸਿਕਲੀਗਰ ਪਰਿਵਾਰਾਂ ਲਈ ਰਾਹਤ ਸਮੱਗਰੀ ਰਵਾਨਾ



**ਚੌਕ ਮਹਿਤਾ, 15 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ ਦਿਨੀਂ ਮੌਸਮ'ਚ ਆਈ ਅਚਾਨਕ ਤਬਦੀਲੀ ਵੱਜੋਂ ਤੇਜਗਤੀ ਹਵਾਵਾਂ ਦੇ ਨਾਲ ਮਹਾਰਾਸ਼ਟਰ ਦੇ ਬੀੜ ਜਿਲੇ ਦੇ ਧਾਰੂਰ ਕਿਲੇ ਵਿੱਚ ਇੱਕ ਦੂਰਸੰਚਾਰ ਟਾਵਰ ਡਿੱਗਣ ਦੇ ਨਾਲ ਆਸ ਪਾਸ ਵਸਦੇ ਗਰੀਬ ਸਿੱਖ ਸਿਕਲੀਗਰ ਭਾਈਚਾਰੇ ਦੇ ਲੋਕਾਂ ਨੂੰ ਕਾਫੀ ਨੁਕਸਾਨ ਹੋਇਆ। ਕਈਆਂ ਦੇ ਘਰ ਘਾਟ ਤਬਾਹ ਹੋ ਗਏ। ਇਸ ਦੌਰਾਨ ਇੱਕ ਨਾਬਾਲਕ ਬੱਚੀ ਦੀ ਮੌਤ ਵੀ ਹੋ ਗਈ ਤੇ ਕੁਝ ਹੋਰ ਲੋਕ ਗੰਭੀਰ ਜਖਮੀ ਹੋਏ। ਇਸ ਦੁਖਦਾਈ ਘਟਨਾ ਦੀ ਜਾਣਕਾਰੀ ਕਾਰੀ ਮਿਲਦਿਆਂ ਹੀ ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਡਾ. ਵਿਜੇ ਸਤਬੀਰ ਸਿੰਘ ਸਾਬਕਾ ਆਈ. ਏ. ਐਸ. ਨੇਂ ਤਖ਼ਤ ਸੱਚਖੰਡ ਸਾਹਿਬ ਵੱਲੋਂ ਪੀੜਤ ਪਰਿਵਾਰਾਂ ਲਈ ਫੌਰੀ ਤੋਰ'ਤੇ ਰਾਹਤ ਸਮੱਗਰੀ ਰਵਾਨਾ ਕੀਤੀ ਸੀ ਗੌਰਤਲਬ ਹੈ ਕਿ ਮਈ ਮਹੀਨੇ ਵਿੱਚ ਹੋਈ ਇਸ ਦੁਖਦਾਈ ਘਟਨਾ'ਚ ਪੰਜ ਲੋਕ ਗੰਭੀਰ ਜ਼ਖਮੀ ਹੋਏ ਸਨ, ਜਿਨ੍ਹਾਂ ਨੂੰ ਸਥਾਨਕ ਸਰਕਾਰੀ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਯਾ ਗਿਆ ਸੀ। ਏਥੇ ਹੀ ਗੰਭੀਰ ਰੂਪ ਵਿੱਚ ਜ਼ਖਮੀ ਹੋਈ ਅੱਠ ਸਾਲ ਦੀ ਬੱਚੀ ਰਾਧਾ ਕੌਰ ਸੁਪੁੱਤਰੀ ਵਿਜੇ ਸਿੰਘ ਗੋਕੇ ਦੀ ਇਲਾਜ ਦੌਰਾਨ ਮੌਤ ਹੋ ਗਈ ਜਾਣਕਾਰੀ ਦਿੰਦਿਆਂ ਗੁਰਦਆਰਾ ਸੱਚਖੰਡ ਬੋਰਡ ਦੇ ਸੁਪਰਡੈਂਟ ਸ੍ਰ ਰਾਜਦਵਿੰਦਰ ਸਿੰਘ ਨੇ ਦੱਸਿਆ ਕਿ ਡਾ. ਵਿਜੇ ਸਤਬੀਰ ਸਿੰਘ ਨੇ ਘਰ ਘਾਟ ਤੋਂ ਵਾਂਝੇ ਹੋਏ ਇਨ੍ਹਾਂ ਪੀੜਤ ਪਰਿਵਾਰਾਂ ਵਿੱਚ ਵੰਡਣ ਲਈ ਇੱਕ ਵਿਸ਼ੇਸ ਕਿਟ ਗੁਰਦੁਆਰਾ ਤਖ਼ਤ ਸੱਚਖੰਡ ਬੋਰਡ, ਨਾਂਦੇੜ ਵੱਲੋਂ ਤਿਆਰ ਕਰਵਾਕੇ ਭੇਜੀ ਗਈ ਜਿਸ ਵਿੱਚ 5 ਸਾਲ ਤੋਂ 12 ਸਾਲ ਤੱਕ ਦੇ ਬੱਚਿਆਂ ਦੇ ਕਪੜੇ, ਲੇਡਿਸ ਸੂਟ, ਪਗੜੀਯਾਂ, ਕੰਬਲ, ਖੇਸ, ਥਾਲੀਆਂ, ਗਿਲਾਸ, ਪਤੀਲੇ, ਗਾਗਰ, ਚਮਚ, ਕੌਲੀਆਂ, ਤਵੇ, ਬਾਟੇ, ਚਕਲੇ, ਬੇਲਨੇ, ਬਾਲਟੀਆਂ, ਜਗ ਆਦਿ ਦਾ ਸਮਾਵੇਸ਼ ਸੀ। ਇਸ ਦੇ ਨਾਲ ਹੀ ਡਾ. ਵਿਜੇ ਸਤਬੀਰ ਸਿੰਘ ਨੇ ਕਿਹਾ ਕਿ ਦੁੱਖ ਦੀ ਘੜੀ ਵਿੱਚ ਅਸੀ ਪੀੜਤ ਪਰਿਵਾਰਾਂ ਨਾਲ ਖੜੇ ਹਾਂ ਤੇ ਹਰ ਬਣਦੀ ਸਹਾਇਤਾ ਲਈ ਹਮੇਸ਼ਾ ਤਿਆਰ ਹਾਂ। ਉਨ੍ਹਾਂ ਨੇ ਬੀੜ ਜਿਲ੍ਹੇ ਦੇ ਕੁਲੈਕਟਰ ਨਾਲ ਫੋਨ ਤੇ ਰਾਬਤਾ ਕਾਇਮ ਕੀਤਾ ਤੇ ਮ੍ਰਿਤਕ ਬੱਚੀ ਦੇ ਨਾਲ ਨਾਲ ਜ਼ਖਮੀਆਂ ਨੂੰ ਜਲਦੀ ਤੋਂ ਜਲਦੀ ਆਰਥਿਕ ਰਾਹਤ ਪੈਕਜ ਦੇਣ ਦੀ ਮੰਗ ਕੀਤੀ ਸ੍ਰ. ਜਸਵੰਤ ਸਿੰਘ ਬੌਬੀ ਨੇ ਇਸ ਘਟਨਾ ਤੇ ਡੂੰਘਾ ਦੁੱਖ ਪ੍ਰਗਟ ਕੀਤਾ ਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ।

# ਪਿਤਾ ਦੀ ਪ੍ਰੇਰਣਾ ਸਦਕਾ ਕੌਮੀ ਪੱਧਰ 'ਤੇ ਬਣਾਈ ਪਹਿਚਾਣ : ਦਮਨਪ੍ਰੀਤ ਕੌਰ



**ਚੌਕ ਮਹਿਤਾ, 15 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਵਿਸ਼ਵ ਪ੍ਰਸਿੱਧ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਬੰਧ ਅਧੀਨ ਚੱਲਣ ਵਾਲੀ ਲੜਕੀਆਂ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਖਾਲਸਾ ਕਾਲਜ ਫਾਰ ਵਿਮੈਨ ਵਿਖ਼ੇ (ਬੀਏ ਭਾਗ ਪਹਿਲਾ) ਦੀ ਹੋਣਹਾਰ ਵਿਦਿਆਰਥਣ ਅਤੇ ਕੌਮੀ ਸਾਈਕਲਿੰਗ ਖਿਡਾਰਨ ਦਮਨਪ੍ਰੀਤ ਕੌਰ ਨੇ ਅੱਜ ਪਿਤਾ ਦਿਵਸ ਮੌਕੇ ਜਾਣਕਾਰੀ ਦਿੰਦਿਆਂ ਕਿਹਾ ਜਿੱਥੇ ਮੈਂ ਖ਼ੇਡ ਖ਼ੇਤਰ ਵਿੱਚ ਸਾਈਕਲਿੰਗ ਕੋਚ (ਰਾਜੇਸ਼ ਕੋਸ਼ਿਕ, ਸਿਮਰਨਜੀਤ ਸਿੰਘ ਰੰਧਾਵਾ, ਭੁਪਿੰਦਰ ਕੁਮਾਰ) ਦੀ ਯੋਗ ਅਗਵਾਈ ਹੇਠ ਕੌਮੀ ਅਤੇ ਰਾਜ ਪੱਧਰ ਤੇ ਆਪਣੀ ਪ੍ਰਤੀਭਾ ਦਾ ਬੇਹਤਰੀਨ ਪ੍ਰਰਦਸ਼ਨ ਕੀਤਾ ਹੈ, ਉੱਥੇ ਮੈਨੂੰ ਖੇਡਾਂ ਦੀ ਗੁੜਤੀ ਮੇਰੇ ਪਿਤਾ ਗੁਰਿੰਦਰ ਸਿੰਘ ਮੱਟੂ (ਪ੍ਰਸਿੱਧ ਖ਼ੇਡ ਅਤੇ ਸਮਾਜ ਸੇਵਕ) ਕੋਲੋ ਮਿਲੀ ਹੈ 9 ਦਮਨਪ੍ਰੀਤ ਕੌਰ ਨੇ ਅੱਜ ਪਿਤਾ ਦਿਵਸ ਮੋਕੇ ਕਿਹਾ ਕਿ ਦੁਨੀਆਂ 'ਚ ਜਨਮ ਲੈਣ ਤੋ ਬਾਅਦ ਜੇ ਬੱਚਾ ਆਪਣੀਆਂ ਅੱਖਾਂ ਮਾਂ ਦੀ ਗੋਦ 'ਚ ਖੋਲਦਾ ਹੈ ਤਾਂ ਆਪਣੇ ਪੈਰਾਂ ਦਾ ਪਹਿਲਾ ਕਦਮ ਉਹ ਆਪਣੇ ਪਿਤਾ ਦੀਆਂ ਉਗਲੀਆਂ ਨੂੰ ਫੜ ਕੇ ਸਿੱਖਦਾ ਹੈ। ਜ਼ਿਆਦਾਤਰ ਬੱਚਿਆਂ ਦੇ ਬਚਪਨ 'ਚ ਉਨਾਂ ਦੇ ਮਾਤਾ ਪਿਤਾ ਹੀ ਆਦਰਸ਼ ਹੁੰਦੇ ਹਨ। ਮਾਂ ਜੇ ਬੱਚਿਆਂ ਨੂੰ ਸੰਸਕਾਰਾਂ ਦਾ ਪਾਠ ਪੜਾਉਦੀ ਹੈ ਤਾਂ ਪਿਤਾ ਬੱਚਿਆਂ ਨੂੰ ਆਤਮ ਨਿਰਭਰ ਅਤੇ ਕਾਮਯਾਬੀ ਦੇ ਰਸਤੇ ਦਿਖਾਉਂਦਾ ਹੈ। ਕਈ ਵਾਰ ਪਿਤਾ ਦਾ ਵਰਤਾਅ ਬਹੁਤ ਸਖਤ ਹੁੰਦਾ ਹੈ। ਅੱਜ ਮੈ ਜੋ ਵੀ ਕੌਮੀ ਪੱਧਰ ਤੇ ਪਹਿਚਾਣ ਬਣਾਈ ਹੈ ਉਹ ਆਪਣੇ ਪਿਤਾ ਦੀ ਪ੍ਰੇਰਣਾ ਸਦਕਾ ਅਤੇ ਆਪਣੀ ਮਾਂ ਦੀ ਯੋਗ ਅਗਵਾਈ ਹੇਠ ਬਣਾਈ ਹੈ। ਉਨ੍ਹਾਂ ਆਪਣੇ ਪ੍ਰੀਵਾਰ ਸਮੇਤ ਪਿਤਾ ਸ: ਗੁਰਿੰਦਰ ਸਿੰਘ ਮੱਟੂ ਅਤੇ ਮਾਂ ਸ਼੍ਰੀਮਤੀ ਵੀਨਾ ਨਾਲ ਖੁਸੀ ਦੇ ਪਲ ਬਤੀਤ ਕਰਦਿਆਂ ਕਿਹਾ ਕਿ ਅੱਜ ਪਿਤਾ ਪ੍ਰਤੀ ਆਦਰ ਦਿਖਾਉਣ ਲਈ ਦੁਨੀਆਂ ਭਰ 'ਚ ਫਾਦਰ ਡੇ ਮਨਾਇਆ ਜਾ ਰਿਹਾ ਹੈ। ਮਾਂ ਦੀ ਕੁਰਬਾਨੀ ਦੇ ਸੋਹਲੇ ਤਾਂ ਸਾਰੇ ਹੀ ਗਾਂਉਦੇ ਹਨ ਪਰ ਪਿਤਾ ਦੇ ਯੋਗਦਾਨ ਨੂੰ ਅਕਸਰ ਅਣਗੋਲਿਆਂ ਕੀਤਾ ਜਾਦਾ ਹੈ ਇਨਾਂ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਆਪਣੇ ਮਾਪਿਆਂ ਵੱਲੋ ਮੂੰਹ ਫੇਰੀ ਬੈਠੀ ਔਲਾਦ ਨੂੰ ਉਸਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ ਤਾਂ ਜੋ ਆਪਣੇ ਪਿਤਾ-ਮਾਤਾ ਦਾ ਸਤਿਕਾਰ ਕੀਤਾ ਜਾ ਸਕੇ।

## ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ

# ਭਾਈ ਅਵਤਾਰ ਸਿੰਘ ਖੰਡਾ ਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ 'ਚ ਹੋਏ ਸਮਾਗਮ



**ਨਵੀਂ ਦਿੱਲੀ, 15 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਜਗਰੂਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਅਵਤਾਰ ਸਿੰਘ ਦੀ ਮਾਤਾ ਚਰਨਜੀਤ ਕੌਰ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਲਈ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਸਿੱਖਿਆਵਾਂ ਪ੍ਰੇਰਣਾ ਸਰੋਤ ਹਨ। ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਮਤਿ ਫ਼ਲਸਫ਼ੇ ਅਨੁਸਾਰ ਜੀਵਨ ਬਤੀਤ ਕਰੇ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਯਤੀਨਸ਼ੀਲ ਰਹੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਅੰਦਰ ਸ਼ਹਾਦਤਾਂ ਦਾ ਵੱਡਾ ਮਹੱਤਵ ਹੈ ਜਿਸ ਪ੍ਰੇਰਣਾ ਗੁਰੂ ਸਾਹਿਬਾਨ ਵੱਲੋਂ ਪਾਏ ਪੂਰਨਿਆਂ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਭਾਈ ਅਵਤਾਰ ਸਿੰਘ ਅਤੇ ਭਾਈ ਹਰਦੀਪ ਸਿੰਘ ਨੂੰ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਰਲ ਕੇ ਯਾਦ ਕੀਤਾ ਗਿਆ ਹੈ ਅਤੇ ਇਹ ਕੌਮੀ ਫਰਜ਼ ਵੀ ਹੈ। ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਹਰਦੇਵ ਸਿੰਘ ਰੋਗਲਾ, ਸ. ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸਾਬਕਾ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਸ. ਈਮਾਨ ਸਿੰਘ ਮਾਨ, ਪੰਥ ਪ੍ਰਸਿੱਧ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਸ. ਜਸਕਰਨ ਸਿੰਘ ਕਾਹਨਸਿੰਘ ਵਾਲਾ, ਪ੍ਰੋ. ਬਲਜਿੰਦਰ ਸਿੰਘ, ਸ. ਨਰਾਇਣ ਸਿੰਘ ਚੌੜਾ, ਸ. ਹਰਪਾਲ ਸਿੰਘ ਬਲੇਰ, ਸ. ਬਲਦੇਵ ਸਿੰਘ ਸਿਰਸਾ, ਸ. ਅਮਰਬੀਰ ਸਿੰਘ ਢੋਟ, ਸ. ਇਕਬਾਲ ਸਿੰਘ ਸੰਧੂ, ਭਾਈ ਬਲਵੰਤ ਸਿੰਘ ਗੋਪਾਲਾ, ਮੈਨਜਰ ਸ. ਸਤਿੰਦਰ ਸਿੰਘ, ਸ. ਯੁਵਰਾਜ ਸਿੰਘ ਆਦਿ ਮੌਜੂਦ ਸਨ।

## ਬਾਈਪਾਸ ਚੌਕ ਮਾਹਲ ਪੁੱਲ ਦੇ

# ਵਿਕਾਸ ਕਾਰਜਾਂ ਨੂੰ ਲੱਗਾ ਪ੍ਰਸ਼ਨ ਚਿੰਨ



**ਚੌਕ ਮਹਿਤਾ, 15 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਰਾਮ ਤੀਰਥ ਨੂੰ ਜੋੜਦਾ ਮੁੱਖ ਚੌਰਾਹਾ ਬਾਈ ਪਾਸ ਮਾਹਲ ਪੁੱਲ ਦੇ ਚੱਲ ਰਹੇ ਵਿਕਾਸ ਕਾਰਜਾਂ ਨੂੰ ਪ੍ਰਸ਼ਨ ਚਿੰਨ ਲੱਗ ਚੁੱਕਾ ਹੈ ਜੇਕਰ ਯੋਗ ਹੈ ਕਿ ਸੀਤਾ ਮਾਤਾ ਲਵ ਕੁਸ਼ ਜਨਮ ਭੂਮੀ ਵਾਲਮੀਕ ਤੀਰਥ ਧਾਰਮਿਕ ਮੰਦਰ ਸ੍ਰੀ ਰਾਮ ਤੀਰਥ ਜਾਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ 7 ਕਿਲੋਮੀਟਰ ਦੂਰੀ ਤੇ ਵਸਿਆ ਹੈ ਜਿੱਥੇ ਰੋਜਾਨਾ ਅਣਗਿਣਤ ਦੇਸ਼ ਵਿਦੇਸ਼ ਤੋਂ ਪੁੱਜਦੇ ਸ਼ਰਧਾਲੂ ਇਥੇ ਇਸ ਰਸਤੇ ਰਾਹੀਂ ਨਤਮਸਤਕ ਹੋਣ ਲਈ ਵਾਘਾ ਸਰਹੱਦ ਰਟਰੀਟ ਦੇਖਣ ਉਪਰੰਤ ਪੁੱਜਦੇ ਹਨ ਜਿੱਥੇ ਇਹ ਪੁੱਲ 100 ਤੋਂ ਵਧੇਰੇ ਪਿੰਡਾਂ ਨੂੰ ਜੋੜਦਾ ਹੈ ਬਾਈਪਾਸ ਮਾਹਲ ਪੁੱਲ ਤੋਂ ਜਾਣਾ ਪੈਂਦਾ ਹੈ ਇਸ ਦੀ ਵਰਤੋਂ ਜਿਆਦਾ ਹੋਣ ਕਾਰਨ ਇਸ ਪੁੱਲ ਨੂੰ ਟਰੈਫਿਕ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਕਈ ਮਹੀਨੇ ਪਹਿਲਾਂ ਸੰਜੀਵ ਅਗਰਵਾਲ ਐਂਡ ਕੰਸਟਰਕਸ਼ਨ ਕੰਪਨੀ ਨੂੰ ਟੈਂਡਰ ਸੌਂਪਿਆ ਗਿਆ ਸੀ ਪੰਜਾਬ ਸਰਕਾਰ ਦੁਆਰਾ ਬੀਤੇ ਮਹੀਨੇ ਇਸ ਪੁੱਲ ਨੂੰ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਪਤਾ ਲੱਗਾ ਹੈ ਕਿ ਜਿੱਥੇ ਠੇਕੇਦਾਰ ਵੱਲੋਂ ਇਸ ਨੂੰ ਲੋਕ ਨਿਰਮਾਣ ਵਿਭਾਗ ਦੀ ਅਗਵਾਈ ਹੇਠ ਤਿਆਰ ਕੀਤਾ ਜਾ ਰਿਹਾ ਸੀ ਉੱਥੇ ਠੇਕੇਦਾਰ ਵੱਲੋਂ ਪੁੱਲ ਦਾ ਕੁਝ ਹਿੱਸਾ ਲੱਖਾਂ ਰੁਪਏ ਖਰਚਣ ਤੋਂ ਬਾਅਦ ਤਿਆਰ ਕਰ ਦਿੱਤਾ ਗਿਆ ਸੀ ਪਤਾ ਨਹੀਂ ਕਿਹੜੇ ਕਾਰਨਾਂ ਕਰਕੇ ਜਿੱਥੇ ਪੁੱਲ ਦਾ ਕੰਮ ਅਧੂਰੇ ਰੂਪ ਵਿੱਚ ਮੁਕੰਮਲ ਤੌਰ ਤੇ ਬੰਦ ਹੋ ਚੁੱਕਾ ਹੈ ਉਥੇ ਨਵੇਂ ਤੌਰ ਤੇ ਬਣੇ ਪੁੱਲ ਦੇ ਕੁਝ ਹਿੱਸੇ ਨੂੰ ਮੁੜ ਦੁਬਾਰਾ ਤੋੜਿਆ ਜਾ ਰਿਹਾ ਹੈ ਜੋ ਚਿੰਤਾ ਦਾ ਵਿਸ਼ਾ ਹੈ ਇਸ ਮੁਸ਼ਕਲ ਪ੍ਰਤੀ ਮਹਾਵੀਰ ਹਸਪਤਾਲ ਦੇ ਪ੍ਰਬੰਧਕ ਡਾਕਟਰ ਐਸ ਐਸ ਗਿੱਲ ਅਨੰਦਪੁਰੀ ਐਵਨਿਊ ਸਤਨਾਮ ਸਿੰਘ ਛੀਨਾ ਅਨਮੋਲ ਇਨਕਲੇਵ ਸਰਵਣ ਸਿੰਘ ਆੜਤੀਆ ਨਵ ਜੀਵਨ ਨਸ਼ਾ ਛਡਾਓ ਕੇਂਦਰ ਗੌਸਾਬਾਦ ਡਾਕਟਰ ਹਰਪ੍ਰੀਤ ਸਿੰਘ ਡੀਐਸ ਸਟੇਟ ਐਨ ਐਸ ਵਿਰਦੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਮੰਗ ਕਰਦਿਆਂ ਕਿਹਾ ਕਿ ਜਲਦ ਇਤਿਹਾਸਿਕ ਸ੍ਰੀ ਰਾਮ ਤੀਰਥ ਮੰਦਰ ਦੇ ਰੋਡ ਉੱਤੇ ਬਣ ਰਹੇ ਬਾਈਪਾਸ ਪੁੱਲ ਮਾਹਲ ਨੂੰ ਤਿਆਰ ਕਰਵਾ ਕੇ ਆਉਣ ਜਾਣ ਵਾਲੇ ਸ਼ਰਧਾਲੂਆਂ ਸਮੇਤ ਰਾਹਗੀਰਾਂ ਨੂੰ ਟਰੈਫਿਕ ਤੋਂ ਨਿਜਾਤ ਦਵਾਈ ਜਾਵੇ ਠੇਕੇਦਾਰ ਸੰਜੀਵ ਅਗਰਵਾਲ ਕੰਸਟਰਕਸ਼ਨ ਕੰਪਨੀ ਫੋਨ ਤੇ ਜਦੋਂ ਇਸ ਪੁੱਲ ਦੇ ਵਿਕਾਸ ਕਾਰਜਾਂ ਦੇ ਰੁਕਣ ਪ੍ਰਤੀ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸਾਡੇ ਵੱਲੋਂ ਕੋਈ ਕੰਮ ਵਿੱਚ ਕਮੀ ਨਹੀਂ ਹੈ ਅਸੀਂ ਪੁਲ ਦੇ ਵਿਕਾਸ ਕਾਰਜ ਕਰ ਰਹੇ ਸਾਂ ਪਰ ਵਿਭਾਗ ਵੱਲੋਂ ਮੁੜ ਦੁਬਾਰਾ ਨਵੀਂ ਡਰਾਇੰਗ ਦੇਣ ਕਰਕੇ ਇਹ ਮੁਸ਼ਿਕਲ ਖੜੀ ਹੋ ਗਈ ਹੈ ਜਿੱਥੇ ਉਨਾਂ ਦਾ ਲੱਖਾਂ ਰੁਪਿਆ ਇਸ ਕੰਮ ਪ੍ਰਤੀ ਖਰਚ ਹੋ ਚੁੱਕਾ ਹੈ ਅਤੇ ਲੇਬਰ ਦਾ ਅਤੇ ਸਮਾਨ ਦਾ ਨੁਕਸਾਨ ਵੀ ਹੋ ਰਿਹਾ ਹੈ ਇਸ ਕੰਮ ਦੀ ਵਿਚਾਰ ਹੋ ਰਹੀ ਹੈ ਵਿਭਾਗ ਹੀ ਦੱਸ ਸਕਦਾ ਹੈ। ••

# ਗੁਰੂ ਕਾਸ਼ੀ ਯੂਨੀਵਰਸਿਟੀ ਅਤੇ ਡਾ. ਗੁਰਬਚਨ ਸਿੰਘ ਫਾਉਂਡੇਸ਼ਨ ਫਾਰ ਰਿਸਰਚ ਐਜੂਕੇਸ਼ਨ ਐਂਡ ਡਿਵਲਪਮੈਂਟ, ਕਰਨਾਲ ਵਿਚਕਾਰ ਦੁਵੱਲਾ ਸਮਝੌਤਾ ਸਹੀਬੱਧ



**ਤਲਵੰਡੀ ਸਾਬੋ, 15 ਜੂਨ (ਗੁਰਜੰਟ ਸਿੰਘ ਨਥੇਹਾ)**- ਪੇਂਡੂ ਨੌਜਵਾਨਾਂ, ਔਰਤਾਂ ਤੇ ਵਿਦਿਆਰਥੀਆਂ ਵਿੱਚ ਹੁਨਰ ਅਤੇ ਉੱਦਮਤਾ ਦੇ ਵਿਕਾਸ, ਵਿਗਿਆਨਕ ਤੇ ਨਵੀਆਂ ਤਕਨੀਕਾਂ ਨੂੰ ਉਤਸਾਹਿਤ ਕਰਨ ਲਈ ਡਾ. ਵਰਿੰਦਰ ਸਿੰਘ ਪਾਹਿਲ, ਐਡਵਾਈਜ਼ਰ ਟੂ ਚਾਂਸਲਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਅਤੇ ਡਾ. ਗੁਰਬਚਨ ਸਿੰਘ ਫਾਉਂਡੇਸ਼ਨ ਫਾਰ ਰਿਸਰਚ ਐਜੂਕੇਸ਼ਨ ਐਂਡ ਡਿਵਲਪਮੈਂਟ, ਕਰਨਾਲ ਵਿਚਕਾਰ ਡਾ. ਜੀ.ਐਸ.ਬੁੱਟਰ, ਰਜਿਸਟਰਾਰ, ਜੀ.ਕੇ.ਯੂ. ਅਤੇ ਡਾ. ਗੁਰਬਚਨ ਸਿੰਘ ਵੱਲੋਂ ਹਸਤਾਖਰਿਤ ਦੁਵੱਲਾ ਸਮਝੌਤਾ ਡਾ. ਅਸ਼ਵਨੀ ਸੇਠੀ, ਡਾਇਰੈਕਟਰ ਪੀ.ਐਂਡ. ਡੀ, ਡਾ. ਆਰ ਪੀ. ਸਹਾਰਨ, ਡੀਨ ਅਤੇ ਫੈਕਲਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਸਹੀਬੱਧ ਕੀਤਾ ਗਿਆ। ਜਿਸ ਅਨੁਸਾਰ ਦੋਹੇਂ ਧਿਰਾਂ ਕੋਸ਼ਲ ਵਿਕਾਸ ਲਈ ਇੱਕ ਦੂਜੇ ਦੇ ਸਰੋਤਾਂ ਦਾ ਇਸਤੇਮਾਲ ਕਰ ਸਕਣਗੇ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਗਿਆਨ ਵਿਸਥਾਰ ਅਤੇ ਟ੍ਰੇਨਿੰਗ ਲਈ ਸੈਮੀਨਾਰਾਂ ਅਤੇ ਵਰਕਸ਼ਾਪਸ ਦਾ ਆਯੋਜਨ ਕਰਨਗੇ। ਸਮਝੌਤੇ ਵਿੱਚ ਸਮੇਂ ਦੀ ਲੋੜ ਅਨੁਸਾਰ ਪ੍ਰੋਜੈਕਟਸ ਤੇ ਸਾਂਝੇ ਤੌਰ 'ਤੇ ਕੰਮ ਕਰਨ ਦੀ ਵੀ ਸਹਿਮਤੀ ਪ੍ਰਗਟ ਕੀਤੀ ਗਈ। ਇਸ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਾ. ਪਾਹਿਲ ਨੇ ਕਿਹਾ ਕਿ ਇਸ ਸਮਝੌਤੇ ਨਾਲ ਪਿੰਡਾਂ ਦੇ ਲੋਕਾਂ ਨੂੰ ਵਿੱਦਿਅਕ ਖੇਤਰ ਵਿੱਚ ਨਵੇਂ ਮੌਕੇ ਉਪਲਬਧ ਹੋਣਗੇ ਜੋ ਸਮੁੱਚੇ ਸਮਾਜ ਦੇ ਵਿਕਾਸ ਵਿੱਚ ਸਹਾਈ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਾਂਝੇਦਾਰੀ ਨਾਲ ਸਮਾਜ ਵਿੱਚ ਅਨਪੜ੍ਹਤਾ, ਕੁਪੋਸ਼ਨ ਅਤੇ ਬੇਰੁਜ਼ਗਾਰੀ ਆਦਿ ਨੂੰ ਠੱਲ ਪਾਉਣ ਵਿੱਚ ਮਦਦ ਮਿਲੇਗੀ, ਜੋ ਕੁਦਰਤੀ ਸ੍ਰੋਤਾਂ ਦੀ ਸੰਭਾਲ ਵਿੱਚ ਸਹਾਈ ਹੋਵੇਗੀ ਅਤੇ ਕੁਦਰਤੀ ਵਿਕਾਸ ਦੇ ਟਿਕਾਊ ਟੀਚੇ ਪ੍ਰਾਪਤ ਕਰਨ ਦੀ ਵੀ ਆਸ ਪ੍ਰਗਟ ਕੀਤੀ। ਡਾ. ਬੁੱਟਰ ਨੇ ਦੁਵੱਲੇ ਸਮਝੌਤੇ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਸਮਝੌਤਾ ਪੇਂਡੂ ਔਰਤਾਂ ਵਾਸਤੇ ਰੁਜ਼ਗਾਰ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਕਰੇਗਾ ਅਤੇ ਨਵੇਂ ਰਾਸਤੇ ਖੋਲ੍ਹੇਗਾ, ਜਿਸ ਨਾਲ ਇਲਾਕਾ ਨਿਵਾਸੀ ਖੁਸ਼ਹਾਲ ਹੋਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸਮਝੌਤੇ ਨਾਲ ਲੜਕੀਆਂ ਨੂੰ ਵਿੱਦਿਅਕ ਖੇਤਰਾਂ ਵਿੱਚ ਵੱਧ ਮੌਕੇ ਮਿਲਣਗੇ ਜਿਸ ਨਾਲ ਇਲਾਕੇ ਦਾ ਵਿਕਾਸ ਹੋਵੇਗਾ। 'ਵਰਸਿਟੀ ਪ੍ਰਬੰਧਕਾਂ ਅਤੇ ਅਧਿਕਾਰੀਆਂ ਵੱਲੋਂ ਦੋਹੇਂ ਧਿਰਾਂ ਨੂੰ ਵਧਾਈ ਦਿੱਤੀ ਗਏ ਅਤੇ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ ਗਈਆਂ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਮੈਡੀਕਲ ਕੈਂਪ ਲਗਾਇਆ ਗਿਆ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 15 ਜੂਨ (ਕੁਲਜੀਤ ਸਿੰਘ ਖੋਖਰ)**-ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ- ਸਹਿਤ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸ੍ਰੀ ਸੁਮਿਤ ਭੱਲਾ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀਆਂ ਹਦਾਇਤਾਂ ਅਨੁਸਾਰ ਕੇਂਦਰੀ ਜੇਲ੍ਹ, ਗੁਰਦਾਸਪੁਰ ਵਿੱਚ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਮੈਡੀਕਲ ਕੈਂਪ ਸਿਵਲ ਸਰਜਨ, ਗੁਰਦਾਸਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੈਡੀਕਲ ਕੈਂਪ ਦੌਰਾਨ, ਸਰਕਾਰੀ ਹਸਪਤਾਲ, ਗੁਰਦਾਸਪੁਰ ਦੇ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਦੀ ਟੀਮਾਂ ਦੁਆਰਾ ਹਵਾਲਾਤੀਆਂ ਅਤੇ ਕੈਦੀਆਂ ਨੂੰ ਚੈੱਕ ਕੀਤਾ ਗਿਆ ਅਤੇ ਉਹਨਾਂ ਨੂੰ ਮੁਫਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਸ੍ਰੀ ਸੁਮਿਤ ਭੱਲਾ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਸਰਕਾਰੀ ਹਸਪਤਾਲ ਦੇ ਸਪੈਸ਼ਿਲਸਟ ਡਾਕਟਰ ਜਿਵੇਂ ਕਿ ਮੈਡੀਕਲ ਸਪੈਸ਼ਿਲਸਟ, ਆਰਥੋਪੈਡਿਕ, ਅੱਖਾਂ ਦੇ ਮਾਹਿਰ ਅਤੇ ਦੰਦਾਂ ਦੇ ਮਾਹਿਰ, ਗਾਇਨੋਕੋਲੋਜਿਸਟ, ਡੈਂਟਲ ਮੈਡੀਕਲ, ਸਾਈਕੈਟਰਿਸਟ ਅਤੇ ਚਮੜੀ ਦੇ ਰੋਗਾਂ ਦੇ ਮਾਹਿਰ ਆਦਿ ਡਾਕਟਰ ਮੌਜੂਦ ਸਨ। ਇਨ੍ਹਾਂ ਮਾਹਿਰਾਂ ਡਾਕਟਰਾਂ ਵੱਲੋਂ ਕੇਂਦਰੀ ਜੇਲ, ਗੁਰਦਾਸਪੁਰ ਵਿੱਚ ਲਗਭਗ 347 ਹਵਾਲਾਤੀਆਂ/ਕੈਦੀਆਂ ਦੀ ਮੈਡੀਕਲ ਜਾਂਚ ਕੀਤੀ ਗਈ ਅਤੇ ਉਹਨਾਂ ਦਵਾਈਆਂ ਮੁਹੱਈਆਂ ਕਰਵਾਈਆਂ ਗਈਆਂ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੇ ਸਹਿਯੋਗ ਨਾਲ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।

## ਛੇਵੇਂ ਪਾਤਸ਼ਾਹ ਵੱਲੋਂ ਪਹਿਲੀ ਜੰਗ ਫ਼ਤਹਿ ਕਰਨ ਦੀ ਯਾਦ 'ਚ

# ਸਜਾਇਆ ਗਿਆ ਨਗਰ ਕੀਰਤਨ



**ਨਵੀਂ ਦਿੱਲੀ, 15 ਜੂਨ (ਮਨਪ੍ਰੀਤ ਸਿੰਘ ਖਾਲਸਾ)**:-ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਮੁਗਲ ਫ਼ੌਜਾਂ ਨਾਲ ਹੋਏ ਪਹਿਲੇ ਯੁੱਧ ਨੂੰ ਫ਼ਤਹਿ ਕਰਨ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਹੰਗ ਸਿੰਘ ਜਥੇਬੰਦੀਆਂ, ਸਭਾ ਸੁਸਾਇਟੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਅੱਜ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਤੋਂ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਤੱਕ ਵਿਸ਼ੇਸ਼ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੀ ਆਰੰਭਤਾ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਲ ਪੰਥ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

ਨਗਰ ਕੀਰਤਨ ਦੀ ਆਰੰਭਤਾ ਸਮੇਂ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਭਾਈ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ। ਨਗਰ ਕੀਰਤਨ ਵਿਚ ਨਿਹੰਗ ਸਿੰਘ ਘੋੜਿਆਂ ਸਮੇਤ ਸ਼ਾਮਲ ਹੋਏ, ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਸਨ। ਨਗਰ ਕੀਰਤਨ ਦਾ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਖਾਲਸੇ ਨੂੰ ਵੱਖਰੀ ਪਹਿਚਾਣ ਦਿੱਤੀ, ਜੋ ਹਮੇਸ਼ਾ ਹੀ ਸਰਬੱਤ ਦੇ ਭਲੇ ਲਈ ਤਤਪਰ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਜ ਲਈ ਨਹੀਂ, ਸਗੋਂ ਜ਼ੁਲਮ ਦੇ ਖਿਲਾਫ਼ ਲੜਾਈ ਲੜੀ ਅਤੇ ਜਿੱਤ ਦਰਜ ਕੀਤੀ। ਉਨ੍ਹਾਂ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਜੀਵਨ ਬਤੀਤ ਕਰਨ ਦੀ ਅਪੀਲ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਛੇਵੇਂ ਪਾਤਸ਼ਾਹ ਵੱਲੋਂ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਲੜੀ ਪਹਿਲੀ ਜੰਗ ਨੂੰ ਫ਼ਤਹਿ ਕਰਨ ਦੀ ਯਾਦ ਵਿਚ 16 ਜੂਨ ਨੂੰ ਗੁਰਦੁਆਰਾ ਕਿਲ੍ਹਾ ਸ੍ਰੀ ਲੋਹਗੜ੍ਹ ਸਾਹਿਬ ਵਿਖੇ ਗੁਰਮਤਿ ਸਮਾਗਮ ਹੋਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਸਰਵਣ ਕਰਵਾਉਣਗੇ। ਇਸ ਮੌਕੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਦੇ ਮੈਨੇਜਰ ਸ. ਹਰਪ੍ਰੀਤ ਸਿੰਘ, ਬਾਬਾ ਦਰਸ਼ਨ ਸਿੰਘ ਕੁੱਲ੍ਹੀ ਵਾਲੇ, ਬਾਬਾ ਤਰਸੇਮ ਸਿੰਘ, ਸ. ਅਮਰਬੀਰ ਸਿੰਘ ਢੋਟ, ਮੀਤ ਮੈਨੇਜਰ ਸ. ਜਸਬੀਰ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਪੰਡੋਰੀ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਪਿੰਡ ਭਾਮ ਵਿੱਚ ਬਾਬਾ ਸੇਖੂ ਸ਼ਾਹ ਜੀ ਦੀ ਯਾਦ ਵਿੱਚ ਸਾਲਾਨਾ ਸੱਭਿਆਚਾਰਕ ਮੇਲਾ 25 ਜੂਨ ਨੂੰ

# ਪੰਜਾਬ ਦੇ ਪ੍ਰਸਿੱਧ ਗਾਇਕ ਆਪਣੀ ਕਲਾ ਨਾਲ ਦਰਸ਼ਕਾਂ ਦਾ ਕਰਨਗੇ ਮੰਨੋਰੰਜਨ



**ਸ੍ਰੀ ਹਰਗੋਬਿੰਦਪੁਰ ਸਾਹਿਬ, 15 ਜੂਨ (ਕੁਲਜੀਤ ਸਿੰਘ ਖੋਖਰ)**-ਬਾਬਾ ਸੇਖੂ ਸ਼ਾਹ ਸਪੋਰਟਸ ਐਂਡ ਸੱਭਿਆਚਾਰਕ ਕਲੱਬ ਰਜਿ ਭਾਮ ਵੱਲੋਂ ਰਿਆੜਕੀ ਇਲਾਕੇ ਦੇ ਨਾਮਵਰ ਪਿੰਡ ਭਾਮ ਵਿੱਚ ਬਾਬਾ ਸੇਖੂ ਸ਼ਾਹ ਜੀ ਦੀ ਯਾਦ ਵਿੱਚ ਹਰ ਸਾਲ ਦੀ ਤਰਾਂ ਸਾਲਾਨਾ ਅੰਤਰਰਾਸ਼ਟਰੀ ਸੱਭਿਆਚਾਰਕ ਮੇਲਾ ਇਲਾਕਾ ਨਿਵਾਸੀਆਂ, ਐੱਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਭਾਮ,ਸਮੂਹ ਨਗਰ ਨਿਵਾਸੀ ਪਿੰਡ ਭਾਮ ਦੇ ਸਹਿਯੋਗ ਨਾਲ 25 ਜੂਨ ਦਿਨ ਮੰਗਲਵਾਰ ਨੂੰ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਭਾਮ,ਸੁਬੇਲ ਸਿੰਘ ਗੋਲਡੀ ਸੀਨੀਅਰ ਮੀਤ ਪ੍ਰਧਾਨ,ਰਵਿੰਦਰ ਸਿੰਘ ਰਾਣਾ ਮੀਤ ਪ੍ਰਧਾਨ,ਡਾ ਯਾਕੂਬ ਅਲੀ ਖਜਾਨਚੀ,ਨੇ ਦੱਸਿਆ ਕਿ ਇਸ ਸੱਭਿਆਚਾਰਕ ਮੇਲੇ ਵਿੱਚ ਪੰਜਾਬ ਦੇ ਨਾਮਵਰ ਕਲਾਕਾਰ ਪੰਮਾ ਡੂਮੇਵਾਲ,ਦੀਪ ਢਿੱਲੋਂ ਅਤੇ ਜੈਸਮੀਨ ਜੱਸੀ ਦੋਗਾਣਾ ਜੋੜੀ , ਹੈਪੀ ਦੰਦੇਵ,ਸੋਨੂ ਸਿੰਘ ਕਿਰਨ ਬੇਦੀ ਦੋਗਾਣਾ ਜੋੜੀ, ਰਣਜੀਤ ਮਾਨ ਕਮੇਡੀਅਨ ਪਹੁੰਚਕੇ ਦਰਸ਼ਕਾਂ ਦਾ ਮੰਨੋਰੰਜਨ ਕਰਨਗੇ । ਕਲੱਬ ਮੈਂਬਰਾਂ ਨੇ ਦੱਸਿਆ ਕਿ ਇਸ ਸੱਭਿਆਚਾਰਕ ਮੇਲੇ ਵਿੱਚ ਸੱਦੇ ਹੋਏ ਕਲਾਕਾਰਾਂ ਨੂੰ ਹੀ ਟਾਈਮ ਦਿੱਤਾ ਜਾਵੇਗਾ । ਇਸ ਮੌਕੇ ਗੁਰਦੀਪ ਸਿੰਘ ਸੋਨੀ,ਬਾਪੂ ਕੇਹਰ ਸਿੰਘ,ਗੁਰਪ੍ਰੀਤ ਸਿੰਘ ਗੋਪੀ,ਮਾਸਟਰ ਸੁਰਜੀਤ ਸਿੰਘ ਤੋ ਇਲਾਵਾ ਕਲੱਬ ਮੈਂਬਰ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਦੇ ਭੋਗਲ, ਖੁਰਾਣਾ ਸਮੇਤ ਚਾਰ ਨੇਤਾਵਾਂ ਦੀ ਅਹੁਦੇਦਾਰੀਆਂ ਕੀਤੀਆਂ ਖ਼ਤਮ

**ਨਵੀਂ ਦਿੱਲੀ, 15 ਜੂਨ (ਮਨਪ੍ਰੀਤ ਸਿੰਘ ਖਾਲਸਾ)**:-ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਸੀਨੀਅਰ ਆਗੂਆਂ ਦੀ ਤੇਰਾਂ ਮੈਂਬਰੀ ਕਮੇਟੀ ਦੀ ਇੱਕ ਵਿਸ਼ੇਸ਼ ਮੀਟਿੰਗ ਪਾਰਟੀ ਦੇ ਦਫ਼ਤਰ ਵਿਖੇ ਦਿੱਲੀ ਇਕਾਈ ਦੇ ਪ੍ਰਧਾਨ ਸ.ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿੱਚ ਕੀਤੀ ਗਈ । ਜਿਸ ਵਿੱਚ ਲੰਘੀਆਂ ਲੋਕ ਸਭਾ ਚੋਣਾਂ ਤੇ ਉਹਨਾਂ ਦੇ ਨਤੀਜਿਆਂ ਦਾ ਮੁਲਾਂਕਣ ਕੀਤਾ ਗਿਆ ਅਤੇ ਭਵਿੱਖ ਵਿੱਚ ਵਾਪਰਨ ਵਾਲੇ ਰਾਜਸੀ ਘਟਨਾਕ੍ਰਮ ਦੀਆਂ ਸੰਭਾਵਨਾਵਾਂ ਬਾਰੇ ਵੀ ਚਰਚਾ ਕੀਤੀ ਗਈ ।



ਇਸ ਮੀਟਿੰਗ ਦੌਰਾਨ ਇਹ ਫੈਸਲਾ ਕੀਤਾ ਗਿਆ ਕਿ ਦਿੱਲੀ ਅੰਦਰ ਜਿਹੜੇ ਪਾਰਟੀ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦਾ ਅਨੁਸ਼ਾਸਨ ਭੰਗ ਕੀਤਾ ਗਿਆ ਜਾਂ ਪਾਰਟੀ ਲਾਇਨ ਦੇ ਉਲਟ ਜਾ ਕੇ ਕੋਈ ਵੀ ਕਾਰਵਾਈ ਕੀਤੀ ਗਈ । ਉਹਨਾਂ ਆਗੂਆਂ ਨੂੰ ਤੁਰੰਤ ਪ੍ਰਭਾਵ ਨਾਲ ਪਾਰਟੀ ਦੇ ਅਹੁਦਿਆਂ ਤੋਂ ਹਟਾਇਆ ਜਾਣਾ ਚਾਹੀਦਾ ਹੈ । ਇਸ ਲਈ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਕੁਲਦੀਪ ਸਿੰਘ ਭੋਗਲ, ਰਵਿੰਦਰ ਸਿੰਘ ਖੁਰਾਣਾ, ਤੇਜਵੰਤ ਸਿੰਘ ਅਤੇ ਜੀ ਐਸ ਭੋਲਾ ਆਗੂਆਂ ਨੂੰ ਪਾਰਟੀ ਦੇ ਹਰ ਤਰ੍ਹਾਂ ਦੇ ਅਹੁਦੇ ਤੋਂ ਹਟਾਇਆ ਜਾਂਦਾ ਹੈ ।

ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਜਨਰਲ ਸਕੱਤਰ ਸ. ਮਨਜੀਤ ਸਿੰਘ ਸਰਨਾ ਨੇ ਪ੍ਰੈਸ ਨੋਟ ਰਾਹੀਂ ਮੀਡੀਆ ਨਾਲ ਸਾਂਝੀ ਕੀਤੀ ।

# ਲੋਕ ਸਭਾ ਚੋਣ ਹਾਰੇ ਹੋਏ ਬਿੱਟੂ ਨੂੰ ਮੰਤਰੀ ਬਣਾਉਣਾ ਅਸਲ ਚਿੰਤਾ ਦਾ ਵਿਸ਼ਾ-: ਗੁਰਜੰਟ ਸਿੰਘ ਖਾਲਸਾ

**ਪੰਜਾਬ** ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਖਡੂਰ ਸਾਹਿਬ ਤੋਂ ਭਾਈ ਅਮ੍ਰਿਤਪਾਲ ਸਿੰਘ ਤੇ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਖ਼ਾਲਸਾ ਦਾ ਸੰਸਦੀ ਚੋਣਾਂ ਜਿੱਤ ਜਾਣਾ ਬਹੁਤ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦਾ ਇਸ਼ਾਰਾ ਕੀ ਹੈ ਅਤੇ ਉਹ ਕੀ ਕਹਿਣਾ ਚਾਹੁੰਦੇ ਹਨ ? ਸਾਰੇ ਚੰਗੀ ਤਰ੍ਹਾਂ ਸਮਝ ਗਏ ਹਨ ਪਰ ਜਾਖੜ ਸਾਹਿਬ ਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਦੋਹਾਂ ਨੌਜੁਆਨਾਂ ਦਾ ਜਿੱਤ ਜਾਣਾ ਬਿਲਕੁਲ ਵੀ ਕਿਸੇ ਚਿੰਤਾ ਵਾਲੀ ਗੱਲ ਨਹੀਂ ਬਲਕਿ ਪੰਜਾਬ ਲਈ ਜੇ ਕੋਈ ਚਿੰਤਾ ਦਾ ਵਿਸ਼ਾ ਹੈ ਤਾਂ ਉਹ ਹਾਰੇ ਹੋਏ ਰਵਨੀਤ ਸਿੰਘ ਬਿੱਟੂ ਨੂੰ ਭਾਜਪਾ ਸਰਕਾਰ ਵਲੋਂ ਕੇਂਦਰੀ ਵਜ਼ਾਰਤ ਵਿਚ ਮੰਤਰੀ ਬਣਾਉਣਾ ਹੈ। ਬਿੱਟੂ ਵਰਗੇ ਨੇਤਾ ਨੂੰ ਏਨੀ ਮਹੱਤਤਾ ਦੇ ਕੇ ਭਾਰਤੀ ਜਨਤਾ ਪਾਰਟੀ ਸ਼ਾਇਦ ਪੰਜਾਬੀਆਂ ਨੂੰ ਬਿਲਕੁਲ ਉਹੀ ਸੁਨੇਹਾ ਦੇਣਾ ਚਾਹੁੰਦੀ ਹੈ ਜਿਹੜੇ ਕਦੇ ਬਿੱਟੂ ਦੇ ਦਾਦਾ ਮਰਹੂਮ ਬੇਅੰਤ ਸਿੰਘ ਨੂੰ ਮਹੱਤਤਾ ਦੇ ਕੇ ਕੇਂਦਰ ਵਿਚ ਕਾਇਮ ਕਾਂਗਰਸ ਸਰਕਾਰ ਨੇ ਲਗਭਗ ਤਿੰਨ ਦਹਾਕੇ ਪਹਿਲਾਂ ਦਿਤਾ ਸੀ। ਮੁੱਖ ਮੰਤਰੀ ਬਣਦਿਆਂ ਹੀ ਬੇਅੰਤ ਸਿੰਘ ਅਤੇ ਡੀ.ਜੀ.ਪੀ. ਗਿੱਲ ਨੇ ਪੰਜਾਬ ਵਿਚ ਕੀ ਕੀਤਾ, ਇਹ ਸਾਰਿਆਂ ਨੂੰ ਪਤਾ ਹੈ ਤੇ ਉਸ ਦੌਰ ਨੂੰ ਅੱਜ ਵੀ ਪੰਜਾਬ ਦਾ ਕਾਲਾ ਦੌਰ ਕਹਿ ਕੇ ਯਾਦ ਕੀਤਾ ਜਾਂਦਾ ਹੈ। ਜਾਖੜ ਸਾਹਿਬ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਰਬਜੀਤ ਸਿੰਘ ਖ਼ਾਲਸਾ, ਇੰਦਰਾ ਗਾਂਧੀ ਦੇ ਅੰਗ ਰੱਖਿਅਕ ਬੇਅੰਤ ਸਿੰਘ ਦਾ ਪੁੱਤਰ ਹੈ ਜਿਸ ਨੇ ਸ੍ਰੀ ਦਰਬਾਰ ਸਾਹਿਬ ਉਤੇ ਟੈਂਕਾਂ-ਤੋਪਾਂ ਨਾਲ ਹਮਲਿਆਂ ਅਤੇ ਸਿੱਖ ਨਸਲਕੁਸ਼ੀ ਤੋਂ ਬਾਅਦ 1984 ਵਿਚ ਇਸ ਵਰਤਾਰੇ ਦੀ ਜਣਨੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਕਤਲ ਕੀਤਾ ਸੀ। ਇਹ ਕੋਈ ਆਮ ਕਤਲ ਨਹੀਂ ਸੀ ਬਲਕਿ ਇਕ ਸਮੁੱਚੀ ਕੌਮ ਵਲੋਂ ਦਿਤਾ ਇਕ ਅਜਿਹਾ ਪੈਗਾਮ ਸੀ ਜਿਸ ਨੂੰ ਅੱਜ ਵੀ ਭਾਰਤੀ ਹੁਕਮਰਾਨ ਕਿਸੇ ਵੀ ਧਾਰਮਕ ਸਥਾਨ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਇਕ ਬਾਰ ਜ਼ਰੂਰ ਯਾਦ ਕਰਦੇ ਹੋਣਗੇ। ਹਮੇਸ਼ਾ ਪੰਜਾਬ, ਪੰਥ, ਪੰਜਾਬੀਅਤ ਦੀ ਗੱਲ ਕਰਨ ਵਾਲੇ ਜਾਖੜ ਨੂੰ ਅੱਜ ਸਰਬਜੀਤ ਸਿੰਘ ਖ਼ਾਲਸਾ ਅਤੇ ਭਾਈ ਅਮ੍ਰਿਤਪਾਲ ਸਿੰਘ ਵਰਗੇ ਲੋਕਾਂ ਦਾ ਜਿੱਤ ਜਾਣਾ ਚਿੰਤਾ ਕਿਉਂ ਲੱਗਣ ਲੱਗ ਪਿਆ ? ਜਾਖੜ ਸਾਹਿਬ ਨੂੰ ਇਹ ਜ਼ਰੂਰ ਘੋਖ ਕਰ ਲੈਣੀ ਚਾਹੀਦੀ ਹੈ ਕਿ ਇਹ ਦੋਵੇਂ ਜੇਤੂ ਨੌਜੁਆਨ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਪ੍ਰਤੀਕ ਹਨ ਅਤੇ ਇਹ ਜਿੱਤਾਂ ਦਿੱਲੀ ਦੀਆਂ ਪੰਜਾਬ ਦੋਖੀ ਪਾਰਟੀਆਂ ਸਾਹਮਣੇ ਸਪੱਸ਼ਟ ਲਕੀਰ ਕੱਢੀ ਖੜੀਆਂ ਹਨ। ਲਕੀਰ ਦੇ ਉਸ ਪਾਰ ਪੰਜਾਬ ਵਿਰੁਧ ਸਾਜ਼ਸ਼ਾਂ ਰਚਣ ਵਾਲੇ, ਪੰਜਾਬ ਦੇ ਲੋਕਾਂ ਵਲੋਂ ਨਕਾਰੇ ਹੋਏ ਨੇਤਾ, ਪੰਜਾਬ ਦੀ ਧਾਰਮਕ, ਆਰਥਕ, ਸਮਾਜਕ ਅਤੇ ਭਾਈਚਾਰਕ ਸਾਂਝ ਦਾ ਨੁਕਸਾਨ ਕਰਨ ਵਾਲੇ ਅਤੇ ਪੰਜਾਬ ਅੰਦਰ ਵੱਖਵਾਦੀ ਲਹਿਰਾਂ ਨੂੰ ਹਵਾ ਦੇ ਕੇ ਬਾਕੀ ਦੇਸ਼ ਵਿਚੋਂ ਸਿਆਸੀ ਰੋਟੀਆਂ ਸੇਕਣ ਵਾਲੀਆਂ ਯਮੁਨਾ ਪਾਰ ਦੀਆਂ ਪਾਰਟੀਆਂ ਅਪਣੇ ਨਕਲੀ ਪੰਜਾਬੀ ਮੋਹਰਿਆਂ ਦੇ ਰੂਪ ਵਿਚ ਖੜੀਆਂ ਹਨ ਜਦਕਿ ਲਕੀਰ ਦੇ ਇਸ ਪਾਰ ਪੰਜਾਬ ਲਈ ਕੁਰਬਾਨੀਆਂ ਦੇਣ ਵਾਲੇ ਲੋਕ ਹਨ। ਜਾਖੜ ਸਾਹਿਬ ਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਬਿੱਟੂ ਰਾਹੀਂ ਭਾਜਪਾ ਪੰਜਾਬ ਵਿਚ ਉਹੀ ਕੁੱਝ ਕਰਨਾ ਚਾਹੁੰਦੀ ਹੈ ਜਿਹੜਾ ਕੁੱਝ ਉਸ ਨੇ ਅਸਾਮ ਵਿਚ ਕਾਂਗਰਸ ਦੇ ਨੇਤਾ ਹੇਮੰਤਾ ਵਿਸਵਾ ਸਰਮਾ ਦੀ ਮਦਦ ਨਾਲ ਕੀਤਾ ਹੈ। ਸੱਤਾ ਦੇ ਭੁੱਖੇ ਹੇਮੰਤਾ ਵਿਸਵ ਸਰਮਾ ਨੂੰ ਬੀਜੇਪੀ ਨੇ ਅਸਾਮ ਵਿਚ ਮੁੱਖ ਮੰਤਰੀ ਦੀ ਕੁਰਸੀ ਉਤੇ ਬਿਠਾ ਦਿਤਾ। ਐਨ.ਆਰ.ਸੀ. ਵਰਗਾ ਜਿੰਨ੍ਹ ਲੋਕਾਂ ਵਿਚ ਛੱਡ ਦਿਤਾ ਗਿਆ ਜਿਸ ਕਾਰਨ 9 ਲੱਖ ਦੇ ਕਰੀਬ ਆਸਾਮੀ ਲੋਕ ਅਪਣੀ ਪਛਾਣ ਹੀ ਗੁਆ ਬੈਠੇ। ਸੂਬੇ ਵਿਚ ਬੰਦੀ-ਘਰ (ਡੀਟੈਂਨਸ਼ਨ ਸੈਂਟਰ) ਬਣਾਏ ਗਏ ਅਤੇ ਘੱਟਗਿਣਤੀਆਂ ਨੂੰ ਰੱਜ ਕੇ ਤਪਾਇਆ ਗਿਆ। ਘੱਟ ਗਿਣਤੀਆਂ ਦੇ ਨਾਲ-ਨਾਲ ਸਾਢੇ ਸੱਤ ਲੱਖ ਹਿੰਦੂਆਂ ਨੂੰ ਕਾਗ਼ਜ਼ ਨਾ ਹੋਣ ਕਾਰਨ ਗ਼ੈਰ-ਅਸਾਮੀ ਹੋਣ ਦੇ ਮਿਹਣੇ ਮਾਰੇ ਗਏ। ਲੱਖਾਂ ਭਾਰਤੀ ਲੋਕ ਅਪਣੇ ਹੱਥਾਂ ਵਿਚ ਅਪਣੀ ਪਛਾਣ ਦੇ ਕਾਗ਼ਜ਼ ਚੁੱਕੀ ਸੈਂਕੜੇ ਕਿਲੋਮੀਟਰ ਤਕ ਭੱਜਦੇ ਰਹੇ ਪਰ ਹੇਮੰਤਾ ਵਿਸਵ ਸਰਮਾ ਦੀ ਸਰਕਾਰ ਨੇ ਕੱਟੜਤਾ ਅਤੇ ਨਫ਼ਰਤ ਦੀਆਂ ਸਾਰੀਆਂ ਹੱਦਾਂ ਪਾਰ ਕਰਨ ਦਾ ਰਾਹ ਨਾ ਛੱਡਿਆ। ਜਾਖੜ ਸਾਹਿਬ ਨੂੰ ਬਿੱਟੂ-ਅਮਿਤ ਸ਼ਾਹ ਦੀ ਯਾਰੀ ਤੋਂ ਡਰਨਾ ਚਾਹੀਦਾ ਹੈ। ਇਸ ਯਾਰੀ ਦਾ ਨਿਸ਼ਾਨਾ ਹਾਰੇ ਹੋਏ ਬਿੱਟੂ ਨੂੰ ਵੱਡਾ ਆਦਮੀ ਬਣਾਉਣਾ ਮਿੱਥਿਆ ਗਿਆ ਹੈ ।ਅਮਿਤ ਸ਼ਾਹ, ਬਿੱਟੂ ਨੂੰ ਵੱਡਾ ਆਦਮੀ ਕਿਵੇਂ ਬਣਾਉਣਗੇ ਅਤੇ ਕਿਹੜਾ ਰਸਤਾ ਅਖ਼ਿਤਆਰ ਕਰਨਗੇ ? ਅਸਲ ਵਿਚ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ। ਕਿਤੇ ਇਹ ਨਾ ਹੋਵੇ ਕਿ ਲੱਖਾਂ ਪੰਜਾਬੀਆਂ ਤੋਂ ਵੀ ਕਾਗ਼ਜ਼ ਮੰਗ ਲਏ ਜਾਣ ਅਤੇ ਜਾਖੜ ਸਾਹਿਬ ਵੀ ਅਪਣਾ ਜਨਮ ਸਰਟੀਫ਼ਿਕੇਟ ਚੁੱਕੀ ਲਾਈਨ ਵਿਖ ਖੜੇ ਹੋਣ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਇੱਕ ਹੀ ਸੋਚ ਕੁਰਾਹੇ ਪੈ ਚੁੱਕੇ

# ਨੌਜਵਾਨ ਗੁਰੂ ਵਾਲੇ ਬਣ ਕਿ ਆਪਣੇ ਮਾਂ ਬਾਪ ਦੀ ਸੇਵਾ ਕਰਨ : ਬਾਬਾ ਬਿਬੇਕ ਸਿੰਘ



**ਜੰਡਿਆਲਾ ਗੁਰੂ, 15 ਜੂਨ ( ਕੁਲਵੰਤ ਸਿੰਘ ਵਿਰਦੀ)**-ਅੱਜ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਬਾਬਾ ਬਿਬੇਕ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲੋਕ ਸਭਾ ਹਲਕਾ ਖਡੂਰ ਸਾਹਿਬ ਜੀ ਤੋਂ ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਜੀ ਖਾਲਸਾ ਦੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਹੋਣ ਦੀ ਖੁਸ਼ੀ ਵਿੱਚ ਪਰਸੋਂ ਰੋਜ਼ ਤੋਂ ਆਰੰਭ ਦੂਖ ਨਿਵਾਰਨ ਕੈਂਪ ਅਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਭੋਗ ਤੋਂ ਉਪਰੰਤ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਭਾਈ ਬਲਰਾਜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ , ਭਾਈ ਬਿਕਰਮਜੀਤ ਸਿੰਘ ਡੇਰਾਬੱਸੀ ਵਾਲੇ, ਭਾਈ ਮੰਗਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਕਥਾ ਵੀਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਇਸ ਮੌਕੇ ਗੁਰਦੁਆਰਾ ਨਾਨਕਸਰ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਵੱਲੋਂ ਕੀਰਤਨ ਕਥਾ ਵੀਚਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨਦਿਆਂ ਹੋਇਆਂ ਕਿਰਤ ਕਰੋ ਵੰਡ ਛਕੋ ਅਤੇ ਬਾਣੀ ਬਾਣੇ ਦੇ ਧਾਰਨੀ ਹੋਣ ਦਾ ਸੰਦੇਸ਼ ਦਿੱਤਾ ਸਮਾਗਮ ਦੀ ਸਮਾਪਤੀ ਮੌਕੇ ਬਾਬਾ ਬਿਬੇਕ ਸਿੰਘ ਜੀ , ਬਾਬਾ ਪਵਨਪ੍ਰੀਤ ਸਿੰਘ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ਼ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਦੀ ਮਾਤਾ ਮਾਤਾ ਬਲਵਿੰਦਰ ਕੌਰ ਜੀ ਨੇ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਭਾਈ ਸਾਹਬ ਦੀ ਜਿੱਤ ਸਮੂਹ ਖਡੂਰ ਸਾਹਿਬ ਹਲਕਾ ਵਾਸੀਆਂ ਦੀ ਜਿੱਤ ਹੈ ਅਤੇ ਸਾਡੇ ਸਮੂਹ ਪ੍ਰੀਵਾਰ ਵੱਲੋਂ ਅਤੇ ਭਾਈ ਸਾਹਬ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਵੋਟ ਦਾ ਇਸਤੇਮਾਲ ਕਰਕੇ ਖ਼ਾਲਸੇ ਪੰਥ ਦੀ ਚੜ੍ਹਦੀ ਕਲ੍ਹਾ ਲਈ ਪਹਿਲ ਕਦਮੀ ਕੀਤੀ ਹੈ ਇਸ ਮੌਕੇ ਭਾਈ ਸਾਹਬ ਦੇ ਚਾਚਾ ਭਾਈ ਪਲਵਿੰਦਰ ਸਿੰਘ ਜੀ ਨੇ ਸੰਗਤਾਂ ਦੇ ਦਰਸ਼ਨ ਕਰਦਿਆਂ ਹੋਇਆਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਵੱਲੋਂ ਚਲਾਈ ਗਈ ਖਾਲਸਾ ਵਹੀਰ ਦਾ ਇੱਕ ਹੀ ਮਕਸਦ ਸੀ ਕਿ ਪੰਜਾਬ ਦੇ ਨੌਜਵਾਨ ਨਸ਼ੇ ਦੀ ਭੈੜੀ ਅਲਾਮਤ ਨੂੰ ਛੱਡ ਕੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਕਿ ਆਪਣੇ ਜੀਵਨ ਨੂੰ ਸਫਲ ਬਣਾਉਣ ਅਤੇ ਅਸੀਂ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਜਿਨ੍ਹਾਂ ਸੰਗਤਾਂ ਨੇ ਅੰਮ੍ਰਿਤ ਨਹੀਂ ਛਕਿਆ ਉਹ ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਕਿ ਜਹਾਜੇ ਚੜ੍ਹ ਕੇ ਆਪਣਾ ਜੀਵਨ ਸਫ਼ਲ ਬਣਾਓ 9 ਆਖਿਰ ਵਿੱਚ ਹੁਕਮਨਾਮੇ ਤੋਂ ਉਪਰੰਤ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਕੜਾਹਿ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ ਅਤੇ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ਇਸ ਮੌਕੇ ਭਾਈ ਸਾਹਬ ਦੇ ਪ੍ਰੀਵਾਰ ਵੱਲੋਂ ਸੰਗਤਾਂ ਨੂੰ ਲੱਡੂ ਵਰਤਾਏ ਗਏ ਇਸ ਮੌਕੇ ਭਾਈ ਸਾਹਬ ਦੀ ਭੂਆ ਬਲਵਿੰਦਰ ਕੌਰ,ਚਾਚੀ ਤਰਨਜੀਤ ਕੌਰ ਤੇ ਕਵਲਜੀਤ ਕੌਰ, ਅਤੇ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਪ੍ਰਧਾਨ ਜਥੇਦਾਰ ਬਲਵੰਤ ਸਿੰਘ ਪੰਡੋਰੀ, ਐਡਵੋਕੇਟ ਮਨਦੀਪ ਸਿੰਘ ਭਗਵਾਂ,ਹਰਪ੍ਰੀਤ ਸਿੰਘ ਨਾਨਕਸਰ, ਰਵਿੰਦਰ ਸਿੰਘ ਨਾਨਕਸਰ, ਹਰਵਿੰਦਰ ਸਿੰਘ ਪਟਨਾ ਸਾਹਿਬ, ਅਮਨਦੀਪ ਸਿੰਘ ਡੱਡੂਆਣਾ,ਸਰਪੰਚ ਬਲਬੀਰ ਸਿੰਘ ਗੁੱਨੋਵਾਲ, ਦਲਜੀਤ ਸਿੰਘ ਖਾਲਸਾ,ਦਰਸ਼ਨ ਸਿੰਘ ਜਾਣੀਆਂ, ਬਲਵਿੰਦਰ ਸਿੰਘ ਕੰਗ, ਅਮਨਦੀਪ ਸਿੰਘ ਨਾਨਕਸਰ, ਬਿਕਰਮਜੀਤ ਸਿੰਘ ਗਹਿਰੀ ਮੰਡੀ,ਭਾਈ ਤਰਲੋਕ ਸਿੰਘ ਬਿੱਟਾ, ਜਗਦੀਪ ਸਿੰਘ ਤਲਵੰਡੀ , ਸਿਮਰਨਜੀਤ ਸਿੰਘ ਢਾਬੇ ਵਾਲੇ, ਸੋਨੂੰ ਭਲਵਾਨ ਧੀਰੇਕੋਟ, ਹਰਦੇਵ ਸਿੰਘ ਕੋਟ ਹਿਯਾਤ, ਸਵਿੰਦਰ ਸਿੰਘ ਸਰਜਾ, ਜਰਮਨਜੀਤ ਸਿੰਘ ਭੱਟੀਕੇ,ਡਾ ਰਣਜੋਧ ਸਿੰਘ, ਬਾਬਾ ਮਨੋਜ ਸਿੰਘ, ਬਾਬਾ ਨਿਸ਼ਾਨ ਸਿੰਘ ਜੰਡਿਆਲਾ ਗੁਰੂ, ਜੈਰਾਮ ਸਿੰਘ,ਸੰਤ ਸਰੂਪ ਸਿੰਘ, ਕੁਲਬੀਰ ਸਿੰਘ ਭੱਟੀਕੇ , ਨਵਦੀਪ ਸਿੰਘ ਬੱਬੂ , ਅਮ੍ਰਿੰਤਪਾਲ ਸਿੰਘ ਰਾਣਾ ਕਾਲਾਂ , ਕਰਨਬੀਰ ਸਿੰਘ,ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰੀਆਂ।

> ☛ ਖਾਲਸਾ ਵਹੀਰ ਦੇ ਮੰਤਵ ਤਹਿਤ ਜਿਨ੍ਹਾਂ ਸੰਗਤਾਂ ਅੰਮ੍ਰਿਤ ਨਹੀਂ ਛਕਿਆ ਉਹ ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਵਾਲੀਆਂ ਬਣਨ : ਭਾਈ ਪਲਵਿੰਦਰ ਸਿੰਘ ☛ ਹਲਕਾ ਖਡੂਰ ਸਾਹਿਬ ਦੀਆਂ ਸੰਗਤਾਂ ਦਾ ਮਾਤਾ ਬਲਵਿੰਦਰ ਕੌਰ ਜੀ ਨੇ ਧੰਨਵਾਦ ਕੀਤਾ

# ਰਵਨੀਤ ਬਿੱਟੂ ਬੰਦੀ ਸਿੰਘਾਂ ਦੇ ਮਾਮਲੇ ਵਿੱਚ ਹਵਾਈ ਬਿਆਨਬਾਜ਼ੀ ਤੋਂ ਉੱਪਰ ਉੱਠ ਕੇ ਜਮੀਨੀ ਪੱਧਰ ਤੇ ਕੰਮ ਕਰਨ : ਬੀਬੀ ਸੋਹਲ

**ਚੰਡੀਗੜ੍ਹ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਮੌਜੂਦਾ ਭਾਜਪਾ ਸਰਕਾਰ ਅੰਦਰ ਨਵੀਂ ਨਵੀਂ ਤਾਜਪੋਸ਼ੀ ਤੋਂ ਬਾਅਦ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਪੁੱਤਰ ਰਵਨੀਤ ਸਿੰਘ ਬਿੱਟੂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਤਾ ਗਿਆ ਬਿਆਨ ਕਿਤੇ ਹਾਥੀ ਦੇ ਦੰਦਾਂ ਵਾਂਗ ਨਾ ਹੋਵੇ ਕਿ ਦਿਖਾਉਣ ਵਾਲੇ ਦੰਦ ਹੋਰ ਤੇ ਖਾਣ ਵਾਲੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਬਹੁਤ ਹੀ ਗੰਭੀਰ ਹੈ ਜੇਕਰ ਰਵਨੀਤ ਸਿੰਘ ਬਿੱਟੂ 30-30 ਸਾਲਾਂ ਤੋਂ ਜੇਲਾਂ ਵਿੱਚ ਬੈਠੇ ਬੰਦੀ ਸਿੰਘਾਂ ਦੀ ਰਿਹਾਈ ਲਈ ਖੁੱਲ ਦਿਲੀ ਦਿਖਾ ਰਹੇ ਹਨ ਤਾਂ ਉਹਨਾਂ ਬੱਲੋ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਪਹਿਲਾਂ ਵੀ ਬੰਦੀ ਸਿੰਘਾਂ ਦੇ ਹੱਕ ਵਿੱਚ ਕੀਤੀਆਂ ਹਵਾਈ ਬਿਆਨਬਾਜ਼ੀਆਂ ਨੂੰ ਹਕੀਕਤ ਵਿੱਚ ਬਦਲਣ ਦੀ ਲੋੜ ਹੈ ਪਿਛਲੇ ਲੰਮੇ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੰਮ ਕਰਦੀ ਆ ਰਹੀ ਹਿਊਮਨ ਰਾਈਟ ਐਸੋਸੀਏਸ਼ਨ ਦੀ ਪ੍ਰਧਾਨ ਬੀਬੀ ਜਸਵਿੰਦਰ ਕੌਰ ਸੋਹਲ ਵੱਲੋ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਗੁਰਕੀਰਤ ਕੋਟਲੀ ਨਾਲ ਪਹਿਲਾਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਲਾਕਾਤਾਂ ਕੀਤੀਆਂ ਜਿਨਾਂ ਵਿੱਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਤੇ ਵਿਰੋਧ ਵਿੱਚ ਕੋਈ ਵੀ ਦਖਲ ਅੰਦਾਜ਼ੀ ਨਹੀਂ ਕੀਤੀ ਜਾਵੇਗੀ ਵਾਲੇ ਬਿਆਨ ਸਾਹਮਣੇ ਆਏ ਸਨ ਅਤੇ ਹੁਣ ਮੌਜੂਦਾ ਭਾਜਪਾ ਸਰਕਾਰ ਅੰਦਰ ਰਵਨੀਤ ਬਿੱਟੂ ਇੱਕ ਅਹਿਮ ਅਹੁਦੇ ਤੇ ਹਨ। ਬੀਬੀ ਸੋਹਲ ਵੱਲੋਂ ਉਮੀਦ ਜਤਾਈ ਗਈ ਕਿ ਬੰਦੀ ਸਿੰਘਾਂ ਦੀ ਰਿਹਾਈ ਉੱਪਰ ਦਿੱਤੇ ਗਏ ਬਿਆਨ ਨੂੰ ਰਵਨੀਤ ਸਿੰਘ ਬਿੱਟੂ ਜਮੀਨੀ ਪੱਧਰ ਤੇ ਕਰਕੇ ਦਿਖਾਉਣਗੇ ਤਾਂ ਪੰਜਾਬ ਵਾਸੀ ਉਹਨਾਂ ਦਾ ਵੱਡਾ ਮਾਨ ਸਨਮਾਨ ਕਰਨਗੇ



# ਕਿਸਾਨ ਮਜ਼ਦੂਰ ਪਸ਼ੂ ਪਾਲਣ ਭਲਾਈ ਫ਼ਰੰਟ ਪੰਜਾਬ ਦੇ ਵ.ਫਦ ਵਲੋਂ ਜਗਜੀਤ ਸਿੰਘ ਡੱਲੇਵਾਲ ਨਾਲ ਕੀਤੀ ਮੀਟਿੰਗ



ਤਲਵੰਡੀ ਸਾਬੋ, 15 ਜੂਨ (ਗੁਰਜੰਟ ਸਿੰਘ ਨਥੇਹਾ)- ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਨੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨਾਲ ਕਿਸਾਨ ਮਜ਼ਦੂਰ ਪਸ਼ੂ ਪਾਲਣ ਭਲਾਈ ਫ਼ਰੰਟ ਪੰਜਾਬ ਦੇ ਵਫ਼ਦ ਵਲੋਂ ਪਿੰਡ ਝੇਰਿਆਂਵਾਲੀ ਵਿਖੇ ਅਹਿਮ ਮੀਟਿੰਗ ਕੀਤੀ ਗਈ। ਇਸ ਵਫਦ ਦੇ ਆਗੂਆਂ ਜਗਸੀਰ ਸਿੰਘ ਖਿਆਲਾ, ਸੁਖਜਿੰਦਰ ਸਿੰਘ ਨਥੇਹਾ, ਕੁਲਵਿੰਦਰ ਸਿੰਘ ਜਟਾਣਾ ਕਲਾਂ, ਹੈਪੀ ਝੇਰਿਆਂਵਾਲੀ ਵਲੋਂ ਪਸ਼ੂ ਪਾਲਣ ਦੇ ਕਿੱਤੇ, ਸਮੱਸਿਆਵਾਂ, ਸਹੂਲਤਾਂ ਅਤੇ ਚਣੌਤੀਆਂ ਬਾਰੇ ਗੱਲਬਾਤ ਕੀਤੀ ਗਈ। ਡਾਕਟਰ ਸੁਖਜਿੰਦਰ ਸਿੰਘ ਨਥੇਹਾ ਨੇ ਦੱਸਿਆ ਕਿ ਇਸ ਮੌਕੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਵਲੋਂ ਫ਼ਰੰਟ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। ਕਿਸਾਨ ਮਜ਼ਦੂਰ ਪਸ਼ੂ ਪਾਲਕਾਂ ਦੇ ਫ਼ਰੰਟ ਵਲੋਂ ਤਕੜੇ ਹੋ ਕੇ ਸੇਵਾ ਕਰਨ ਲਈ ਡੱਲੇਵਾਲ ਵਲੋਂ ਉਤਸ਼ਾਹਿਤ ਵੀ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਤਿਹਾਸਿਕ ਗੁ: ਜੰਡਸਰ ਸਾਹਿਬ ਵਿਖੇ

# ਧਾਰਮਿਕ ਸਮਾਗਮ ਕਰਵਾਇਆ ਗਿਆ






**ਤਲਵੰਡੀ ਸਾਬੋ, 15 ਜੂਨ (ਗੁਰਜੰਟ ਸਿੰਘ ਨਥੇਹਾ)**- ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਵਿੱਚ ਤਖਤ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਜੰਡਸਰ ਸਾਹਿਬ (ਪਾ:10ਵੀਂ) ਵਿਖੇ ਵੀ ਧਾਰਮਿਕ ਸਮਾਗਮ ਕਰਵਾਇਆ ਗਿਆ। ਉਕਤ ਸਮਾਗਮ ਮੌਕੇ ਜਿੱਥੇ ਬੀਬੀਆਂ ਵੱਲੋਂ ਬੀਤੀ 1 ਮਈ ਤੋਂ ਰੋਜ਼ਾਨਾ ਕੀਤੇ ਜਾ ਰਹੇ ਸੁਖਮਨੀ ਸਾਹਿਬ ਦੇ ਪਾਠਾਂ ਦੀ ਸਮਾਪਤੀ ਕੀਤੀ ਗਈ ਉੱਥੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਵੀ ਪਾਏ ਗਏ। ਭੋਗ ਉਪਰੰਤ ਤਖਤ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜੀਤ ਸਿੰਘ ਦੇ ਜਥੇ ਵੱਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਉੱਥੇ ਤਖਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕਥਾ ਵੀਚਾਰਾਂ ਰਾਹੀਂ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਕਾਲ ਅਤੇ ਵਿਸ਼ੇਸ ਤੌਰ 'ਤੇ ਸ਼ਹਾਦਤ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ। ਤਖਤ ਸਾਹਿਬ ਦੇ ਪੰਜ ਪਿਆਰਿਆਂ ਚੋਂ ਗਿਆਨੀ ਕੇਵਲ ਸਿੰਘ ਨੇ ਇਸ ਮੌਕੇ ਸੰਗਤਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਪ੍ਰੇਰਣਾ ਲੈਣ ਦੀ ਅਪੀਲ ਕਰਦਿਆਂ ਬੀਬੀਆਂ ਨੂੰ ਖਾਸ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਦੇ ਜੀਵਨ ਤੋਂ ਜ਼ਰੂਰ ਜਾਣੂੰ ਕਰਵਾਉਣ ਤਾਂਕਿ ਉਹ ਆਪਣੇ ਗੌਰਵਸ਼ਾਲੀ ਇਤਿਹਾਸ 'ਤੇ ਮਾਣ ਕਰ ਸਕਣ। ਇਸ ਮੌਕੇ ਸਮੁੱਚੇ ਪ੍ਰਬੰਧਕਾਂ ਵੱਲੋਂ ਸਮਾਗਮ ਚ ਸਹਿਯੋਗ ਲਈ ਵਿਸ਼ੇਸ ਤੌਰ 'ਤੇ ਤਖਤ ਸਾਹਿਬ ਦੇ ਮੈਨੇਜ਼ਰ ਭਾਈ ਰਣਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ। ਧਾਰਮਿਕ ਸਮਾਗਮ ਵਿੱਚ ਕਾਰ ਸੇਵਾ ਦਿੱਲੀ ਵਾਲਿਆਂ ਵੱਲੋਂ ਬਾਬਾ ਚਰਨਜੀਤ ਸਿੰਘ, ਭਾਈ ਭੋਲਾ ਸਿੰਘ ਇੰਚਾਰਜ ਧਰਮ ਪ੍ਰਚਾਰ ਸਬ ਆਫਿਸ ਤੋਂ ਇਲਾਵਾ ਧਾਰਮਿਕ ਅਤੇ ਸਮਾਜਿਕ ਕਾਰਜਾਂ 'ਚ ਇਲਾਕੇ ਦੀ ਮੋਹਰੀ ਸੰਸਥਾ ਭਾਈ ਮਨੀ ਸਿੰਘ ਸੇਵਾ ਸੁਸਾਇਟੀ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਨੌਜਵਾਨਾਂ ਵੱਲੋਂ ਸੰਗਤਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ।

### ਮੰਗਾਂ ਨਾ ਮੰਨੇ ਜਾਣ ਦੇ ਰੋਸ ਵਜੋਂ ਸੰਗਰੂਰ ਵਿਖੇ 20 ਜੂਨ ਨੂੰ

# ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਦਾ ਕਰਾਂਗੇ ਘਿਰਾਓ : ਐਨ ਐਸ ਕਿਊ ਐਫ



**ਚੌਕ ਮਹਿਤਾ, 15 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)** -ਐਨ.ਐਸ.ਕਿਊ.ਐਫ ਵੋਕੇਸਨਲ ਅਧਿਆਪਕ ਯੂਨੀਅਨ ਨੇ ਕਿਹਾ ਕਿ ਸਰਕਾਰ ਦੇ ਪਿਛਲੇ ਕਈ ਮਹੀਨਿਆਂ ਤੋਂ ਲਾਰਿਆਂ ਤੋਂ ਅੱਕ ਕਿ 20 ਜੂਨ ਨੂੰ ਵੱਡੀ ਗਿਣਤੀ ਦੇ ਰੂਪ ਚ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ ਗੌਰਤਲਬ ਹੈ ਕਿ ਐਨ.ਐਸ .ਕਿਊ.ਐਫ ਅਧਿਆਪਕਾਂ ਨੂੰ ਪਿਛਲੇ ਦੋ ਸਾਲਾਂ ਤੋਂ 5% ਤਨਖਾਹ ਵਾਧਾ ਵੀ ਨਹੀ ਮਿਲਿਆ ਜੋ ਕਿ ਕਾਂਗਰਸ ਸਰਕਾਰ ਸਮੇਂ ਹਰ ਵਰੇ ਮਿਲਦਾ ਹੁੰਦਾ ਸੀ॥ ਚੋਣਾਂ ਸਮੇਂ ਸਰਕਾਰ ਨੇ ਵਾਅਦਾ ਕੀਤਾ ਸੀ ਅਤੇ ਮੁੱਖ ਮੰਤਰੀ ਨੇ ਚੋਣਾਂ ਚ ਟਵੀਟ ਵੀ ਕੀਤਾ ਸੀ ਕਿ ਆਊਟਸੋਰਸ ਭਰਤੀ ਬੰਦ ਕਰਾਂਗੇ ਪਰ ਸਰਕਾਰ ਬਣਨ ਤੋਂ ਬਾਅਦ ਪ੍ਰਾਈਵੇਟ ਘਰਾਣਿਆਂ ਨੇ ਮੁੜ ਸਰਕਾਰੀ ਸਕੂਲਾਂ ਚ ਵੋਕੇਸਨਲ ਅਧਿਆਪਕਾ ਦੀ ਨਿਯੁਕਤੀ ਕੀਤੀ ਹੈ॥ ਅਧਿਆਪਕ ਆਗੂਆਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਮੇਂ ਐਨ ਐਸ਼ ਕਿਊ ਐਫ ਅਧਿਆਪਕਾਂ ਦਾ ਵੱਡਾ ਯੋਗਦਾਨ ਸੀ ਪਰ ਸਰਕਾਰ ਬਣਨ ਤੋਂ ਬਾਅਦ ਮੰਤਰੀਆਂ ਦੇ ਲਾਰਿਆਂ ਤੋਂ ਬਿਨਾ ਕੁੱਝ ਨਹੀ ਮਿਲਿਆ ਪਰ ਹੁਣ 20 ਜੂਨ ਨੂੰ ਵੱਡਾ ਇਕੱਠ ਕਰਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਾਂਗੇ ਇਸ ਮੌਕੇ ਅਧਿਆਪਕਾਂ ਨੇ ਦੱਸਿਆ ਕਿ ਸੰਗਰੂਰ ਦੇ ਜੇ ਜੇ ਪੈਲੇਸ ਨੇੜੇ ਮੁੱਖ ਮੰਤਰੀ ਰਿਹਾਇਸ਼ ਨੂੰ ਲੰਬਾ ਸਮੇਂ ਘੇਰਨਗੇ ਜਦੋ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਅਸੀ ਸੜਕੇ ਤੇ ਹੀ ਰਹਾਗੇ।

## "ਨਾਨਕਿਆਂ ਦਾਦਕਿਆਂ ਮੋੜਿਆ ਮੂੰਹ" ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੋੜਵੰਦ ਧੀ ਦਾ ਹੋਵੇਗਾ ਆਨੰਦ ਕਾਰਜ - ਐੱਸ ਆਈ ਦਲਜੀਤ ਸਿੰਘ



**ਜੰਡਿਆਲਾ ਗੁਰੂ, 15 ਜੂਨ ( ਕੁਲਵੰਤ ਸਿੰਘ ਵਿਰਦੀ)**-ਪਿੱਛਲੇ ਦਿਨੀਂ ਇੱਕ ਲੋੜਵੰਦ ਪਰਿਵਾਰ ਦੀ ਧੀ ਕਹਾਣੀ ਤੁਹਾਡੇ ਨਾਲ ਸਾਂਝੀ ਕੀਤੀ ਸੀ ਉਸ ਪਰਿਵਾਰ ਦੇ ਕੋਲ਼ ਧੀ ਦਾ ਵਿਆਹ ਕਰਨ ਜੋਗੇ ਪੈਸੈ ਨਹੀਂ ਸਨ ਜਦੋਂ ਮੀਡਿਆ ਵਲੋਂ ਉਸ ਪਰਿਵਾਰ ਦੇ ਹਲਾਤਾਂ ਦੀ ਜਾਣਕਾਰੀ ਲੋਕਾਂ ਵਿਚ ਸਾਂਝੀ ਕੀਤੀ ਤੇ ਐੱਸ ਆਈ ਦਲਜੀਤ ਸਿੰਘ ਵਲੋ ਇਹ ਸਭ ਸੁਣ ਕੇ ਰਿਹਾ ਨਾ ਗਿਆ ਤਾ ਉਹ ਕਈ ਹੋਰ ਦਾਨੀ ਸੱਜਣਾ ਨੂੰ ਨਾਲ ਲੈ ਪਰਿਵਾਰ ਕੋਲ ਪਹੁੰਚੇ । ਦਲਜੀਤ ਸਿੰਘ ਆਪਣੀ ਟੀਮ ਨਾਲ ਲੜਕੀ ਦੇ ਵਿਆਹ ਵਾਲੇ ਸੂਟ, ਰਾਸ਼ਨ ਅਤੇ ਹੋਰ ਘਰੇਲੂ ਸਾਮਾਨ ਅਤੇ ਨਕਦੀ ਦੇ ਕੇ ਮਦਦ ਕੀਤੀ ਜਿੱਥੇ ਇਸ ਪਰਿਵਾਰ ਦੇ ਨਾਲ ਉਹਨਾਂ ਦੇ ਰਿਸ਼ਤੇਦਾਰ ਨਾਨਕੇ ਦਾਦਕਿਆਂ ਨੇ ਆਪਣਾ ਨਾਤਾ ਤੋੜ ਲਿਆ ਗਿਆ ਹੈ । ਦਲਜੀਤ ਸਿੰਘ ਨੇ ਰੀਤੀ ਰਿਵਾਜਾਂ ਅਨੁਸਾਰ ਘਰ ਵਿਚ ਸਾਰਾ ਸਾਮਾਨ ਪਹੁੰਚਾਇਆ । ਘਰ ਵਿਚ ਗ.ਰੀਬੀ ਹੋਣ ਕਰਕੇ ਨਾਨਕਿਆਂ ਅਤੇ ਦਾਦਕਿਆ ਨੇ ਮੂੰਹ ਮੋੜ ਲਿਆ ਸੀ ਉੱਥੇ ਹੀ ਐੱਸ ਆਈ ਦਲਜੀਤ ਸਿੰਘ ਅਤੇ ਹੋਰ ਦਾਨੀ ਸੱਜਣਾਂ ਨੇ ਇਹ ਵਿਆਹ ਸ਼ਾਮਿਲ ਹੋ ਕੇ ਨਾਨਕੇ ਦਾਦਕੇ ਦਾ ਫਰਜ ਅਦਾ ਕੀਤਾ ।ਸਬ ਇੰਸਪੈਕਟਰ ਦਲਜੀਤ ਸਿੰਘ ਵਲੋ ਗਰੀਬ ਪਰਿਵਾਰ ਦੀ ਮਦਦ ਕੀਤੀ ਗਈ ਅਤੇ ਹੋਰ ਵੀ ਦਾਨੀ ਸੱਜਣ ਉਥੇ ਪਹੁੰਚੇ ।ਸ ਗੁਰਜੀਤ ਸਿੰਘ ਔਜਲਾ ਵੱਲੋ ਵੀ ਇਸ ਕੰਮ ਦੀ ਬਹੁਤ ਪ੍ਰਸੰਸਾ ਕੀਤੀ ਗਈ ।ਯਾਦ ਰਹੇ ਕੇ ਇਹ ਉਹ ਦਲਜੀਤ ਸਿੰਘ ਹਨ ਜਿੰਨਾ ਨੂੰ ਡੀ.ਜੀ.ਪੀ. ਸਾਹਿਬ ਵਲੋ ਸੋਸਲ ਸੇਵਾ ਕਰਨ ਕਰਕੇ ਸਨਮਾਨਿਤ ਕੀਤਾ ਗਿਆ ਸੀ।

## ਰੂਸ ਵਿੱਚ ਸ਼ਹੀਦ ਹੋਏ ਨੌਜਵਾਨ ਦੇ ਘਰ ਪਹੁੰਚੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ

### ਰੂਸ ਵਿੱਚ ਸ਼ਹੀਦ ਹੋਏ ਨੌਜਵਾਨ ਤੇਜਪਾਲ ਸਿੰਘ ਦੇ ਪਰਿਵਾਰ ਦੀ ਹਰਸੰਭਵ ਮਦਦ ਕਰੇਗੀ ਪੰਜਾਬ ਸਰਕਾਰ:- ਕੁਲਦੀਪ ਧਾਲੀਵਾਲ

**ਅੰਮ੍ਰਿਤਸਰ, 15 ਜੂਨ (ਆਵਾਜ਼ਿ ਕੌਮ ਬਿਊਰੋ)**-ਪਿੱਛਲੇ ਲੰਮੇ ਸਮੇਂ ਤੋਂ ਚੱਲ ਰਹੇ ਰੂਸ ਅਤੇ ਯੂਕਰੇਨ ਦੀ ਲੜਾਈ ਵਿੱਚ ਰੂਸ ਦੀ ਫੌਜ ਵਲੋਂ ਲੜਦੇ ਹੋਏ ਸ਼ਹੀਦ ਹੋਏ ਅੰਮ੍ਰਿਤਸਰ ਦੇ ਨੌਜਵਾਨ ਤੇਜਪਾਲ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਪੰਜਾਬ ਸਰਕਾਰ ਦੇ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸ਼ਹੀਦ ਨੌਜਵਾਨ ਦੇ ਘਰ ਪਹੁੰਚੇ। ਇਸ ਮੌਕੇ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਯੂਕਰੇਨ ਵਿੱਚ ਸ਼ਹੀਦ ਹੋਏ ਨੌਜਵਾਨ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਦਿਵਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਓਹਨਾਂ ਕਿਹਾ ਕਿ ਸਰਕਾਰ ਲਗਾਤਾਰ ਵਿਦੇਸ਼ ਮੰਤਰਾਲੇ ਦੇ ਸੰਪਰਕ ਵਿੱਚ ਹੈ ।ਧਾਲੀਵਾਲ ਨੇ ਕਿਹਾ ਕਿ ਸ਼ਹੀਦ ਨੌਜਵਾਨ ਤੇਜਪਾਲ ਸਿੰਘ ਦੇ ਪਰਿਵਾਰ ਵਿੱਚ ਓਹਨਾਂ ਦੀ ਪਤਨੀ ਅਤੇ ਦੋ ਛੋਟੀਆਂ ਬੱਚੀਆਂ ਹੀ ਰਹਿ ਗਈਆਂ ਹਨ ਪੰਜਾਬ ਸਰਕਾਰ ਪਰਿਵਾਰ ਦੇ ਨਾਲ ਖੜੀ ਹੈ । ਧਾਲੀਵਾਲ ਨੇ ਕਿਹਾ ਕਿ ਨੌਜਵਾਨ ਤੇਜਪਾਲ ਸਿੰਘ ਲੀਗਲ ਤਰੀਕੇ ਨਾਲ ਰੂਸ ਜਾ ਕੇ ਫ਼ੌਜ ਵਿੱਚ ਭਰਤੀ ਹੋਇਆ ਇਸ ਲਈ ਉਸਨੂੰ ਸ਼ਹੀਦ ਹੋਣ ਤੇ ਰੂਸ ਵੱਲੋਂ ਜੋ ਵੀ ਪਿੱਛੇ ਪਰਿਵਾਰ ਨੂੰ ਮਿਲਣ ਵਾਲੀ ਮਦਦ ਲਈ ਵੀ ਪੰਜਾਬ ਸਰਕਾਰ ਯਤਨ ਕਰ ਰਹੀ ਹੈ।

## ਡਾਇਰੈਕਟਰ ਖੇਤਬਾੜੀ ਪੰਜਾਬ ਸ. ਜਸਵੰਤ ਸਿੰਘ ਵੱਲੋਂ ਜਿਲ੍ਹਾ ਅੰਮ੍ਰਿਤਸਰ ਵਿੱਚ 15 ਜੂਨ ਤੋਂ ਝੋਨੇ ਦੀ ਲਵਾਈ ਸ਼ੁਰੂ



**ਅੰਮ੍ਰਿਤਸਰ 15 ਜੂਨ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਸਰਕਾਰ ਵੱਲੋਂ "ਦੀ ਪੰਜਾਬ ਪ੍ਰੀਜਰਵੇਸ਼ਨ ਆਫ ਸਬ-ਸਾਇਲ ਵਾਟਰ ਐਕਟ, 2009" ਤਹਿਤ ਜਾਰੀ ਨੋਟੀਫਿਕੇਸ਼ਨ ਅਨੁਸਾਰ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਸ. ਜਸਵੰਤ ਸਿੰਘ ਵੱਲੋਂ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਸ. ਤਜਿੰਦਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਜਿਲ੍ਹੇ ਵਿੱਚ 15 ਜੂਨ ਨੂੰ ਬਲਾਕ ਵੇਰਕਾ ਦੇ ਪਿੰਡ ਮਾਨਾਵਾਲਾ ਕਲਾਂ ਵਿਖੇ ਝੋਨੇ ਦੀ ਲੁਆਈ ਸ਼ੁਰੂ ਕਰਵਾਈ ਗਈ। ਉਹਨਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਥੱਲੇ ਜਾ ਰਿਹਾ ਹੈ ਇਸ ਲਈ ਜਿੰਨਾਂ ਕਿਸਾਨਾਂ ਨੇ ਪਰਮਲ ਕਿਸਮਾਂ ਦੀ ਲੁਆਈ ਕਰਨੀ ਹੈ ਉਹ ਝੋਨੇ ਦੀਆਂ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਪਰਮਲ ਕਿਸਮਾਂ ਨੂੰ ਹੀ ਤਰਜੀਹ ਦੇਣ। ਉਹਨਾਂ ਕਿਹਾ ਕਿ ਬਿਨਾਂ ਕਿਸੇ ਜਰੂਰਤ ਦੇ ਖੇਤਾਂ ਵਿੱਚ ਖੁੱਲਾ ਪਾਣੀ ਨਾ ਛੱਡਿਆ ਜਾਵੇ ਅਤੇ ਪਾਣੀ ਦੀ ਵਰਤੋਂ ਕੇਵਲ ਲੋੜ ਅਨੁਸਾਰ ਹੀ ਕੀਤੀ ਜਾਵੇ ਤਾਂ ਜੋ ਆਉਣ ਵਾਲੀਆਂ ਪੀੜੀਆਂ ਦਾ ਭਵਿੱਖ ਸੁੱਰਿਖਅਤ ਰੱਖਿਆ ਜਾ ਸਕੇ। ਉਹਨਾਂ ਕਿਸਾਨਾਂ ਨੂੰ ਸੰਦੇਸ਼ ਦਿੱਤਾ ਕਿ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਝੋਨੇ/ਬਾਸਮਤੀ ਦੀਆਂ ਪੰਜਾਬ ਵਿੱਚ ਕਾਸ਼ਤ ਲਈ ਸਿਫਾਰਿਸ਼ ਕੀਤੀਆਂ ਗਈਆਂ ਕਿਸਮਾਂ ਦੀ ਹੀ ਬਿਜਾਈ ਕੀਤੀ ਜਾਵੇ। ਉਹਨਾਂ ਨੇ ਬਲਾਕ ਜੰਡਿਆਲਾ ਗੁਰੂ ਦੇ ਪਿੰਡ ਜੋਗਾ ਸਿਘ ਵਾਲਾ (ਬੰਡਾਲਾ) ਵਿਖੇ ਸਿੱਧੀ ਬਿਜਾਈ ਤਕਨੀਕ ਰਾਂਹੀ ਬੀਜੇ ਝੋਨੇ ਦੇ ਖੇਤਾਂ ਦਾ ਨਿਰੀਖਣ ਵੀ ਕੀਤਾ ਅਤੇ ਇਸ ਤਕਨੀਕ ਨੂੰ ਅਪਨਾਉਣ ਵਾਲੇ ਕਿਸਾਨਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹਨਾਂ ਕਿਸਾਨਾਂ ਦੀ ਅਗਾਂਹਵਧੂ ਸੋਚ ਜਮੀਨਦੋਜ ਪਾਣੀ ਦੀ ਬੱਚਤ ਕਰਨ ਵਿੱਚ ਸਹਾਈ ਹੋਵੇਗੀ। ਉਹਨਾਂ ਕਿਸਾਨਾਂ ਨੂੰ ਨਵੀਆਂ ਖੇਤੀ ਤਕਨੀਕਾਂ ਨਾਲ ਜੁੜਨ ਵਾਸਤੇ ਖੇਤੀ ਮਾਹਿਰਾਂ ਨਾਲ ਲਗਾਤਾਰ ਰਾਬਤਾ ਬਣਾ ਕੇ ਰੱਖਣ ਲਈ ਵੀ ਅਪੀਲ ਕੀਤੀ। ਇਸ ਮੌਕੇ ਖੇਤੀਬਾੜੀ ਅਫਸਰ ਰਮਨ ਕੁਮਾਰ, ਭੁਪਿੰਦਰ ਸਿੰਘ, ਗੁਰਮੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ ਪਰਜੀਤ ਸਿੰਘ ਔਲਖ, ਖੇਤੀਬਾੜੀ ਵਿਸਥਾਰ ਅਫਸਰ ਪਰਦੀਪ ਸਿੰਘ, ਬਲਜਿੰਦਰ ਸਿੰਘ ਚਾਹਲ, ਅਤੇ ਕਿਸਾਨ ਦਵਿੰਦਰ ਸਿੰਘ, ਦਿਲਬਾਗ ਸਿੰਘ, ਜੁਝਾਰ ਸਿੰਘ, ਰਣਜੋਧ ਸਿੰਘ, ਜਗਜੀਤ ਸਿੰਘ, ਰੇਸ਼ਮ ਸਿੰਘ ਆਦਿ ਮੌਜੂਦ ਸਨ।

ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਵਿਖੇ

# ਫ੍ਰੀ ਮੈਡੀਕਲ ਚੈਕ ਅੱਪ ਕੈਂਪ ਲਗਾਇਆ ਗਿਆ : ਬਾਬਾ ਸੁੱਖਾ ਸਿੰਘ







**ਜੰਡਿਆਲਾ ਗੁਰੂ, 15 ਜੂਨ (ਕੁਲਵੰਤ ਸਿੰਘ ਵਿਰਦੀ**)-ਅੱਜ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਲਾਸ਼ਾਨੀ ਸ਼ਹਾਦਤ ਨੂੰ ਸਮਰਪਿੱਤ ਫ੍ਰੀ ਮੈਡੀਕਲ ਚੈਕ ਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ ਅੱਖਾਂ ਅਤੇ ਹੱਡੀਆ ਅਤੇ ਜੋੜਾ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਚੈੱਕ ਅੱਪ ਕੀਤਾ ਗਿਆ ਜਿਸ ਵਿੱਚ ਕਮਰ ਦਰਦ,ਗੋਡੀਆ ਦਾ ਦਰਦ, ਮੋਢਿਆਂ ਦਾ ਦਰਦ, ਜੋੜਾ ਦਾ ਦਰਦ , ਸਰਵਾਇਕਲ ਅਧਰੰਗ ਆਦਿ ਦਾ ਜਾਂਚ ਅਤੇ ਫਿਜ਼ੀਓਥਰੈਪੀ ਇਲਾਜ਼ ਕੀਤਾ ਗਿਆ ਇਸ ਕੈਂਪ ਵਿੱਚ ਅੱਖਾਂ ਤੇ ਹੱਡੀਆਂ, ਜਰਨਲ ਮਰੀਜ਼ਾਂ ਦੇ ਫ੍ਰੀ ਚੈਕ ਅੱਪ ਕੈਂਪ ਵਿੱਚ ਲਗਭਗ 200 ਮਰੀਜ਼ਾਂ ਨੂੰ ਅੱਖਾਂ ਵਾਸਤੇ ਦਾਰੂ ਅਤੇ ਮੈਡੀਸਿਨ ਦਿੱਤੀ ਗਈ ਤੇ ਹੱਡੀਆਂ ਦੇ ਮਰੀਜ਼ਾਂ ਦੀ ਫਿਜ਼ੀਓਥਰੈਪੀ ਨਾਲ ਇਲਾਜ਼ ਕੀਤਾ ਗਿਆ ਇਸ ਮੌਕੇ ਤੇ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਗੁਰਦੁਆਰਾ ਸ਼ਿਮਲੇ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਵੱਲੋਂ ਵਿਸ਼ੇਸ਼ ਤੌਰ ਤੇ ਯੋਗਦਾਨ ਪਾਇਆ ਗਿਆ ਇਸ ਮੌਕੇ ਤੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੰਚਾਲਕ ਬਾਬਾ ਸੁੱਖਾ ਸਿੰਘ ਜੀ ਵੱਲੋਂ ਚੇਅਰਮੈਨ ਕਲਿਆਣ ਰਾਏ ਜੈਨ ਅਤੇ ਐਡਵੋਕੇਟ ਅਮਰੀਕ ਸਿੰਘ ਮਲਹੋਤਰਾ, ਇੰਚਾਰਜ ਹਰਪ੍ਰੀਤ ਸਿੰਘ ਚਿੱਬ,ਡਾ ਹਰਜੀਤ ਸਿੰਘ,ਡਾ ਸਿਮਰਨਜੀਤ ਕੌਰ,ਡਾ ਰਮਨਦੀਪ ਕੌਰ,ਡਾ ਕਮਲਜੀਤ ਕੌਰ ਅਤੇ ਹਸਪਤਾਲ ਦੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਜਥੇਦਾਰ ਕਰਨੈਲ ਸਿੰਘਪੀਰਮੁਹੰਮਦ ਇੰਗਲੈਂਡ ਰਵਾਨਾ, 18 ਜੂਨ ਨੂੰ ਬਰਮਿੰਘਮ ਆਉਣਗੇ

# ਅਲੱਗ-ਅਲੱਗ ਪੰਥਕ ਸਖਸ਼ੀਅਤਾਂ ਨਾਲ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕੀਤਾ




**ਲੰਡਨ, 15 ਜੂਨ (ਆਵਾਜ਼ਿ ਕੌਮ ਬਿਊਰੋ**)-ਸ੍ਰੌਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਾਰਟੀ ਦੇ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ ਦਾ ਲੰਡਨ ਪਹੁੰਚਣ ਤੇ ਹੀਥਰੋ ਏਅਰਪੋਰਟ ਤੇ ਨਿੱਘਾ ਸਵਾਗਤ ਕਰਦਿਆ ਸਿੱਖ ਪ੍ਰਚਾਰਕ ਡਾ ਗੁਰਦੀਪ ਸਿੰਘ ਜੰਗਬੀਰ ਨੇ ਕਿਹਾ ਹੈ ਕਿ ਸ੍ ਕਰਨੈਲ ਸਿੰਘ ਪੀਰਮੁਹੰਮਦ ਆਪਣੇ ਹਫਤੇ ਭਰ ਦੇ ਦੌਰੇ ਦੌਰਾਨ ਇੰਗਲੈਂਡ ਦੀਆ ਪਾਰਲੀਮੈਂਟ ਚੌਣਾ ਵਿੱਚ ਸਿੱਖ ਅਤੇ ਪੰਜਾਬੀ ਉਮੀਦਵਾਰਾਂ ਦੇ ਹੱਕ ਵਿੱਚ ਸਲੋਹ ਸਮੈਦਿਕ ਬਰਮਿੰਘਮ ਲੈਸਟਰ ਡਰਬੀ ਅਤੇ ਕੁੱਝ ਹੋਰ ਥਾਵਾਂ ਤੇ ਜਾਣਗੇ ।ਸਿੱਖ ਕੌਮ ਅੰਦਰ ਸੰਘਰਸ਼ਸ਼ੀਲ ਸਖਸ਼ੀਅਤ ਸ੍ ਕਰਨੈਲ ਸਿੰਘ ਪੀਰਮੁਹੰਮਦ ਜਰਨਲ ਸਕੱਤਰ ਅਤੇ ਬੁਲਾਰਾ ਸ੍ਰੌਮਣੀ ਅਕਾਲੀ ਦਲ ਦਾ ਕੁੱਝ ਅਹਿਮ ਧਾਰਮਿਕ ਸਮਾਗਮਾ ਵਿੱਚ ਵਿਸੇਸ਼ ਸਨਮਾਨ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ । ਇਸੇ ਦੌਰਾਨ ਉਹ ਮਹਾਰਾਜਾ ਦਲੀਪ ਦੀ ਸਮਾਧ ਅਤੇ ਵੈਸਟ ਮਨਿਸਟਰ ਪਾਰਲੀਮੈਂਟ ਅਤੇ ਸਕਾਟਲੈਂਡ ਵਿਖੇ ਵੀ ਜਾਣਗੇ । ਇਥੇ ਵਰਨਣਯੋਗ ਹੈ ਕਿ ਸ੍ ਕਰਨੈਲ ਸਿੰਘ ਪੀਰਮੁਹੰਮਦ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹਿੰਦਿਆ ਸਿੱਖ ਨਸਲਕੁਸ਼ੀ ਦੇ ਦੋਸੀਆਂ ਖਿਲਾਫ ਨਿਰੰਤਰ ਸੰਘਰਸ਼ਸ਼ੀਲ ਰਹਿਕੇ ਆਪਣੇ ਸਾਥੀਆ ਨਾਲ ਸੰਘਰਸ਼ ਲੜਿਆ ਆਪਣੀਆ ਬੇਬਾਕ ਟਿੱਪਣੀਆਂ ਕਰਕੇ ਉਹਨਾਂ ਦੀ ਸਖਸ਼ੀਅਤ ਹਮੇਸ਼ਾ ਸਿੱਖਰ ਤੇ ਰਹੀ ਹੈ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ ਦਾ ਹੀਥਰੋ ਏਅਰਪੋਰਟ ਤੇ ਸਵਾਗਤ ਕਰਨ ਸਮੇ ਸ੍ ਜਗਤਾਰ ਸਿੰਘ ਬਰਮਿੰਘਮ, ਰਕੇਸ਼ ਸਿੱਧੂ, ਲਾਡੀ ਭੁੱਲਰ, ਜੀਵਨਜੋਤ ਸਿੰਘ ਸਮੇਤ ਪਤਵੰਤੇ ਹਾਜਰ ਸਨ ।ਸ੍ ਕਰਨੈਲ ਸਿੰਘ ਪੀਰਮੁਹੰਮਦ ਦਾ ਇਥੇ ਇੰਗਲੈਂਡ ਵਿਖੇ ਵੀ ਵਟਸੇਅਪ ਨੰਬਰ +91 887211984 ਹੈ ।ਸ੍ਰ ਕਰਨੈਲ ਸਿੰਘ ਪੀਰਮੁਹੰਮਦ 18 ਜੂਨ ਨੂੰ ਬਰਮਿੰਘਮ ਵਿਖੇ ਸ੍ਰੌਮਣੀ ਅਕਾਲੀ ਦਲ ਦੇ ਚੌਣਵੇ ਆਗੂਆ ਤੇ ਵਰਕਰਾ ਦੀ ਮੀਟਿੰਗ ਨੂੰ ਸੰਬੋਧਨ ਕਰਨਗੇ ।



ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਭਾਈ ਅਵਤਾਰ ਸਿੰਘ ਤੇ ਭਾਈ ਹਰਦੀਪ ਸਿੰਘ ਦੀ ਯਾਦ 'ਚ ਸਮਾਗਮ




**ਅੰਮ੍ਰਿਤਸਰ, 15 ਜੂਨ (ਆਵਾਜ਼ਿ ਕੌਮ ਬਿਊਰੋ**)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਭਾਈ ਅਵਤਾਰ ਸਿੰਘ ਖੰਡਾ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਜਗਰੂਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਅਵਤਾਰ ਸਿੰਘ ਦੀ ਮਾਤਾ ਚਰਨਜੀਤ ਕੌਰ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖਾਂ ਲਈ ਗੁਰੂ ਸਾਹਿਬਾਨ ਦੇ ਸਿਧਾਂਤ ਅਤੇ ਸਿੱਖਿਆਵਾਂ ਪ੍ਰੇਰਣਾ ਸਰੋਤ ਹਨ। ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਮਤਿ ਫ਼ਲਸਫ਼ੇ ਅਨੁਸਾਰ ਜੀਵਨ ਬਤੀਤ ਕਰੇ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਯਤੀਨਸ਼ੀਲ ਰਹੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਅੰਦਰ ਸ਼ਹਾਦਤਾਂ ਦਾ ਵੱਡਾ ਮਹੱਤਵ ਹੈ ਜਿਸ ਪ੍ਰੇਰਣਾ ਗੁਰੂ ਸਾਹਿਬਾਨ ਵੱਲੋਂ ਪਾਏ ਪੂਰਨਿਆਂ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਭਾਈ ਅਵਤਾਰ ਸਿੰਘ ਅਤੇ ਭਾਈ ਹਰਦੀਪ ਸਿੰਘ ਨੂੰ ਸਮੂਹ ਸਿੱਖ ਜਥੇਬੰਦੀਆਂ ਵੱਲੋਂ ਰਲ ਕੇ ਯਾਦ ਕੀਤਾ ਗਿਆ ਹੈ ਅਤੇ ਇਹ ਕੌਮੀ ਫਰਜ਼ ਵੀ ਹੈ। ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਹਰਦੇਵ ਸਿੰਘ ਰੋਗਲਾ, ਸ. ਮਲਕੀਤ ਸਿੰਘ ਚੰਗਾਲ, ਸ਼੍ਰੋਮਣੀ ਕਮੇਟੀ ਸਕੱਤਰ ਸ. ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਸਾਬਕਾ ਮੈਂਬਰ ਪਾਰਲੀਮੈਂਟ ਸ. ਸਿਮਰਨਜੀਤ ਸਿੰਘ ਮਾਨ, ਸ. ਈਮਾਨ ਸਿੰਘ ਮਾਨ, ਪੰਥ ਪ੍ਰਸਿੱਧ ਢਾਡੀ ਗਿਆਨੀ ਤਰਸੇਮ ਸਿੰਘ ਮੋਰਾਂਵਾਲੀ, ਸ. ਜਸਕਰਨ ਸਿੰਘ ਕਾਹਨਸਿੰਘ ਵਾਲਾ, ਪ੍ਰੋ. ਬਲਜਿੰਦਰ ਸਿੰਘ, ਸ. ਨਰਾਇਣ ਸਿੰਘ ਚੌੜਾ, ਸ. ਹਰਪਾਲ ਸਿੰਘ ਬਲੇਰ, ਸ. ਬਲਦੇਵ ਸਿੰਘ ਸਿਰਸਾ, ਸ. ਅਮਰਬੀਰ ਸਿੰਘ ਢੋਟ, ਸ. ਇਕਬਾਲ ਸਿੰਘ ਸੰਧੂ, ਭਾਈ ਬਲਵੰਤ ਸਿੰਘ ਗੋਪਾਲਾ, ਮੈਨਜਰ ਸ. ਸਤਿੰਦਰ ਸਿੰਘ, ਸ. ਯੁਵਰਾਜ ਸਿੰਘ ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਛਬੀਲ ਅਤੇ ਲੰਗਰ ਲਗਾਇਆ



**ਚੌਕ ਮਹਿਤਾ, 15 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ**)-ਸਿੱਖਾਂ ਦੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਡਾ ਯੂਨੀਅਨ ਅਤੇ ਇਲਾਕਾ ਨਿਵਾਸੀਆਂ ਵੱਲੋਂ ਜੀ ਟੀ ਰੋਡ ਮਾਨਾਵਾਲਾ ਕਲਾ ਅੱਡਾ ਵਿਖੇ ਛਬੀਲ ਅਤੇ ਲੰਗਰ ਲਗਾਇਆ ਗਿਆ। ਜਸਬੀਰ ਸਿੰਘ ਭੋਲਾ ਮਾਨਾ ਵਾਲਾ ਕਲਾ ਨੇ ਦੱਸਿਆ ਕਿ ਮਾਰਕੀਟ ਦੇ ਅਸ਼ਵਨੀ ਕੁਮਾਰ ਸ਼ਰਮਾ ਅਤੇ ਸਤਨਾਮ ਸਿੰਘ ਵਸੀਕਾ ਵੱਲੋਂ ਗੁਰੂ ਸਾਹਿਬ ਪ੍ਰਤੀ ਵੱਡੀ ਸ਼ਰਧਾ ਰੱਖਦਿਆਂ ਹੋਇਆਂ ਵੱਡੇ ਉਦਮ ਨਾਲ ਸਮੂਹ ਅੱਡਾ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਛਬੀਲ ਦਾ ਲੰਗਰ ਲਗਾਇਆ ਗਿਆ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਸ਼ਰਬਤ ਛਬੀਲ ਵਜੋਂ ਤਿਆਰ ਕੀਤੇ ਗਏ ਅਤੇ ਕੜਾਹ ਭੰਗੂਰ ਦਾ ਲੰਗਰ ਸ਼ਰਧਾ ਭਾਵਨਾ ਨਾਲ ਸੰਗਤ ਵਿੱਚ ਨਿਮਰਤਾ ਸਹਿਤ ਸੰਗਤ ਵਿੱਚ ਵਰਤਾਇਆ ਗਿਆ ਉਹਨਾਂ ਕਿਹਾ ਕਿ ਮਾਰਕੀਟ ਦੇ ਸਤਨਾਮ ਸਿੰਘ ਆਟੋ ਵਰਕਸ ਅਤੇ ਉਹਨਾਂ ਦੇ ਵਰਕਰਾਂ ਨੇ ਸਿਖਰ ਦੁਪਹਿਰ ਵਿੱਚ ਜੀ ਟੀ ਰੋਡ ਤੇ ਆਉਂਦੀਆਂ ਗੱਡੀਆਂ ਮੋਟਰਾਂ ਨੂੰ ਰੋਕ ਰੋਕ ਕੇ ਛਬੀਲ ਦਾ ਲੰਗਰ ਛਕਾਉਂਦੇ ਹੋਏ ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਮੁਸਾਫ਼ਰਾਂ ਨੂੰ ਜਾਣੂ ਕਰਵਾਇਆ ਗੁਰੂ ਸਾਹਿਬ ਜੀ ਦੀ ਧੁਰ ਵਿਚ ਸੇਵਾ ਨਿਭਾਉਣ ਵਾਲੇ ਸੇਵਾਦਾਰ ਰਸ਼ਪਾਲ ਸਿੰਘ ਨੂੰ ਮਾਰਕੀਟ ਦੇ ਵਰਕਰਾਂ ਵੱਲੋਂ ਸਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ ਜਸਬੀਰ ਸਿੰਘ ਭੋਲਾ ਨੇ ਦਸਿਆ ਕਿ 1606 ਈਸਵੀ ਨੂੰ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਉਥੋਂ ਦੇ ਹਾਕਮ ਚੰਦੂ ਨੇ ਇਹ ਕਹਿ ਕਿ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਬਣਾਈ ਹੋਈ ਜੇਲ ਵਿਚ ਬੰਦ ਕੀਤਾ ਹੋਇਆ ਸੀ ਕਿ ਗੁਰੂ ਸਾਹਿਬ ਵੱਲੋਂ ਇਸਲਾਮ ਕਬੂਲਣ ਤੋ ਨਾਹ ਕੀਤੀ ਗਈ ਹੈ ਜਿਸ ਦੇ ਚਲਦੇ ਹਾਕਮ ਚੰਦੂ ਨੇ ਗੁਰੂ ਸਾਹਿਬ ਨੂੰ ਪਹਿਲਾ ਉਬਲਦੀ ਦੇਗ ਵਿਚ ਉਬਾਲਿਆ ਅਤੇ ਬਾਦ ਵਿੱਚ ਸਿਰ ਵਿਚ ਤੱਤੀ ਰੇਤ ਪਾਂ ਕੇ ਤੱਤੀ ਤਵੀ ਉਤੇ ਬਿਠਾ ਦਿੱਤਾ ਜਿੱਥੇ ਗੁਰੂ ਸਾਹਿਬ ਜੀ ਦਾ ਰਤੀ ਭਰ ਵੀ ਸਿਦਕ ਨਹੀ ਡੋਲਿਆ ਅਤੇ ਆਪਣੀ ਕੌਮ ਖ਼ਾਤਰ ਸ਼ਹੀਦੀ ਪਾਂ ਦਿੱਤੀ ਜਿਨਾਂ ਦੇ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਛਬੀਲ ਦਾ ਲੰਗਰ ਲਗਾਇਆ ਗਿਆ ਹੈ। ਇਸ ਮੌਕੇ ਸੇਵਾ ਨਿਭਾਉਣ ਵਾਲਿਆਂ ਵਿੱਚ ਅਤੁਲ ਨੱਦਾ, ਸਿਮਰਨ ਸਿੰਘ, ਗੁਰਮੀਤ ਸਿੰਘ, ਰੂਪ ਲਾਲ, ਵਜੀਰ ਕੁਮਾਰ, ਪਾਲ ਸਿੰਘ ਅੰਜਲੀ ਢਾਬਾ, ਵਿਜੇ ਪ੍ਰੀਤ ਸਿੰਘ, ਨਕਸ਼ਦੀਪ ਸਿੰਘ, ਪ੍ਰਤਾਪ ਸਿੰਘ, ਸਰਦੂਲ ਸਿੰਘ, ਰਾਜੂ ਆਦਿ ਵਲੋ ਸੇਵਾ ਨਿਭਾਈ ਗਈ।


ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰੀ








ਅੱਜ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਵਿਖੇ ਲੜੀਵਾਰ ਗੁਰਬਾਣੀ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਹਾਜ਼ਰ ਸਿੱਖ ਸੰਗਤ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ, ਯੂ. ਕੇ.)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਭਾਈ ਅਵਤਾਰ ਸਿੰਘ ਜੀ ਖੰਡਾ ਦੀ ਸਾਲਾਨਾ ਬਰਸੀ 'ਤੇ

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਵੱਲੋਂ ਭਰੀ ਗਈ ਹਾਜ਼ਰੀ

**ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜੀਆਂ ਵੱਲੋਂ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਨੇ ਹਾਜ਼ਰੀ ਭਰੀ**






ਆਵਾਜ਼ਿ ਕੌਮ AWAZE QAUM International Newspaper & WEB TV





ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਭਾਈ ਅਵਤਾਰ ਸਿੰਘ ਜੀ ਖੰਡਾ ਦੀ ਸਲਾਨਾ ਬਰਸੀ ਗੁਰਦੁਆਰਾ ਬਾਬਾ ਅਟੱਲ ਰਾਏ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਈ ਗਈ ਜਿਸ ਵਿੱਚ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਜੀਆਂ ਵੱਲੋਂ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਨੇ ਹਾਜ਼ਰੀ ਭਰੀ। ਇਹਨਾਂ ਦੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ ਹਾਜਰ ਹੋਏ ।ਇਸ ਮੌਕੇ ਹੋਰ ਵੀ ਪੰਥਕ ਸ਼ਖਸ਼ੀਅਤਾਂ ਹਾਜ਼ਰ ਹੋਈਆਂ ਅਤੇ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ, ਯੂ. ਕੇ.)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243